## ਅਧਿਆਇ 29

# ਜਾਜਕਾਂ ਦੀ ਪਵਿੱਤ੍ਰਤਾ ਲਈ ਹਿਦਾਇਤਾਂ

ਅਧਿਆਇ 29 ਵਿਚ, ਮੂਸਾ ਨੂੰ ਦੱਸਿਆ ਗਿਆ ਸੀ ਕਿ ਜਾਜਕਾਂ ਨੂੰ ਉਸ ਕੰਮ ਦੇ ਲਈ ਕਿਵੇਂ ਪਵਿੱਤਰ ਕੀਤਾ ਜਾਣਾ ਚਾਹੀਦਾ ਹੈ ਜਿਸ ਨੂੰ ਕਰਨ ਦੇ ਲਈ ਉਨ੍ਹਾਂ ਨੂੰ ਬੁਲਾਇਆ ਗਿਆ ਸੀ। ਪਵਿੱਤਰ ਕੀਤੇ ਜਾਣ ਦੀ ਰਸਮ ਦੇ ਸੰਬੰਧ ਵਿਚ ਜਾਨਵਰਾਂ ਦੀਆਂ ਬਲੀਆਂ ਪੇਸ਼ ਕੀਤੀਆਂ ਜਾਣੀਆਂ ਸਨ (29:1-3)। ਇਸ ਤੋਂ ਇਲਾਵਾ, ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਪਾਣੀ ਨਾਲ ਨਵਾਇਆ ਗਿਆ, ਜਾਜਕਾਈ ਬਸਤਰ ਪਹਿਨਾਏ ਗਏ, ਅਤੇ ਤੇਲ ਨਾਲ ਮਸਹ ਕੀਤਾ ਗਿਆ (29:4-9)।

ਫਿਰ ਜਾਜਕਾਂ ਨੂੰ ਇੱਕ ਵਹਿੜੇ ਅਤੇ ਦੋ ਛੱਤ੍ਰਿਆਂ ਦੀਆਂ ਬਲੀਆਂ ਚੜ੍ਹਾਉਣ ਵਾਲੀਆਂ ਰਸਮਾਂ ਵਿਚ ਨਿਯੁਕਤ ਕੀਤਾ ਜਾਣਾ ਚਾਹੀਦਾ ਸੀ। ਇਸ ਜਾਨਵਰਾਂ ਦੇ ਲਹੂ ਨੂੰ ਜਗਵੇਦੀ ਦੇ ਉੱਤੇ ਅਤੇ ਚਾਰ-ਚੁਫੇਰੇ, ਜਾਜਕਾਂ ਦੇ ਉੱਤੇ, ਅਤੇ ਉਨ੍ਹਾਂ ਦੇ ਜਾਜਕਾਈ ਬਸਤਰਾਂ ਦੇ ਉੱਤੇ ਰੱਖਿਆ ਜਾਣਾ ਚਾਹੀਦਾ ਸੀ (29:10-30)। ਬਲੀਦਾਨਾਂ ਤੋਂ ਪ੍ਰਾਪਤ ਮਾਸ ਨੂੰ ਜਾਜਕਾਂ ਦੇ ਦੁਆਰਾ ਖਾਧਾ ਜਾਂਦਾ ਸੀ (29:31-34)। ਸਥਾਪਨਾ ਨੂੰ ਸੱਤ ਦਿਨ ਲੱਗਦੇ ਸਨ (29:35-37)।

ਮੂਸਾ ਦੇ ਯੁੱਗ ਦੇ ਅੰਤ ਤੱਕ ਹਰ ਸਵੇਰ ਅਤੇ ਹਰ ਸ਼ਾਮ ਨੂੰ ਰੋਜ਼ਾਨਾ ਇੱਕ ਇੱਕ ਲੇਲਾ ਬਲੀਦਾਨ ਕੀਤਾ ਜਾਂਦਾ ਸੀ (29:38-42)।

ਅਧਿਆਇ ਇਨ੍ਹਾਂ ਯਕੀਨ ਦਿਵਾਉਣ ਵਾਲੇ ਸ਼ਬਦਾਂ ਦੇ ਨਾਲ ਸਮਾਪਤ ਹੁੰਦਾ ਹੈ ਕਿ ਡੇਹਰੇ ਦੇ ਸਮਰਪਣ ਵਿਚ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਣਾ ਕਰਨ ਦਾ ਸਿੱਟਾ ਇਹ ਹੋਵੇਗਾ ਕਿ ਪਰਮੇਸ਼ੁਰ ਇਸਰਾਏਲੀਆਂ ਦੇ "ਵਿਚਕਾਰ ਵਾਸ ਕਰੇਗਾ" ਅਤੇ ਉਹ ਜਾਣਨਗੇ ਕਿ ਉਹ "ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹੈ ਜੋ ਉਨ੍ਹਾਂ ਨੂੰ ਮਿਸਰ ਦੇਸ ਤੋਂ ਕੱਢ ਲਿਆਇਆ ਸੀ" (29:43-46)।

## ਜਾਜਕਾਂ ਦੇ ਬਸਤ੍ਰ (29:1-9)

**1ਉਹ ਗੱਲ ਜਿਹੜੀ ਤੂੰ ਉਨ੍ਹਾਂ ਦੇ ਪਵਿੱਤ੍ਰ ਕਰਨ ਲਈ ਕਰੇਂ ਭਈ ਉਹ ਜਾਜਕਾਈ ਦੀ ਮੇਰੀ
ਉਪਾਸਨਾ ਕਰਨ ਏਹ ਹੈ ਕਿ ਇੱਕ ਵਹਿੜਾ ਅਤੇ ਦੋ ਛੱਤ੍ਰੇ ਬੱਜ ਤੋਂ ਬਿਨਾਂ ਲਵੀਂ। 2ਅਤੇ ਪਤੀਰੀ
ਰੋਟੀ ਅਤੇ ਤੇਲ ਵਿੱਚ ਮਥੇ ਹੋਏ ਪਤੀਰੇ ਪਰਾਉਠੇ ਅਰ ਤੇਲ ਨਾਲ ਚੋਪੜੇ ਹੋਏ ਪੂੜੇ ਕਣਕ ਦੇ ਮੈਦੇ
ਤੋਂ ਬਣਾਈਂ। 3ਅਤੇ ਤੂੰ ਉਨ੍ਹਾਂ ਨੂੰ ਇੱਕ ਛਾਬੇ ਵਿੱਚ ਪਾਵੀਂ ਅਤੇ ਉਨ੍ਹਾਂ ਨੂੰ ਛਾਬੇ ਵਿੱਚ ਵਹਿੜੇ ਅਤੇ
ਦੋਹਾਂ ਛੱਤ੍ਰਿਆਂ ਨਾਲ ਨੇੜੇ ਲਿਆਵੀਂ। 4ਹਾਰੂਨ ਅਤੇ ਉਸ ਦੇ ਪੁੱਤ੍ਰਾਂ ਨੂੰ ਮੰਡਲੀ ਦੇ ਤੰਬੂ ਦੇ ਦਰਵੱਜੇ
ਦੇ ਨੇੜੇ ਲਿਆਈਂ ਅਰ ਉਨ੍ਹਾਂ ਨੂੰ ਪਾਣੀ ਨਾਲ ਨੁਲਹਾਈਂ। 5ਤੂੰ ਬਸਤ੍ਰ ਲੈਕੇ ਹਾਰੂਨ ਨੂੰ ਕੁੜਤਾ ਅਤੇ
ਏਫੋਦ ਦਾ ਚੋਗ਼ਾ ਅਤੇ ਏਫੋਦ ਅਰ ਸੀਨਾ ਬੰਦ ਪਹਿਨਾਈਂ ਅਤੇ ਏਫੋਦ ਦੇ ਕਾਰੀਗਰੀ ਨਾਲ ਕੱਢੇ
ਹੋਏ ਪੱਟਕੇ ਨਾਲ ਉਹ ਦਾ ਲੱਕ ਬੰਨ੍ਹੀਂ। 6ਤੂੰ ਉਸ ਦੇ ਸੀਸ ਉੱਤੇ ਅਮਾਮਾ ਰੱਖੀਂ ਅਤੇ ਪਵਿੱਤ੍ਰ ਤਾਜ
ਅਮਾਮੇ ਉੱਤੇ ਰੱਖੀਂ। 7ਫੇਰ ਤੂੰ ਮਸਹ ਕਰਨ ਦਾ ਤੇਲ ਲੈਕੇ ਉਸ ਦੇ ਸੀਸ ਉੱਤੇ ਚੋਵੀਂ ਅਤੇ ਐਉਂ ਤੂੰ
ਉਹ ਨੂੰ ਮਸਹ ਕਰੀਂ। 8ਫੇਰ ਉਸ ਦੇ ਪੁੱਤ੍ਰਾਂ ਨੂੰ ਨੇੜੇ ਲਿਆਈਂ ਅਤੇ ਉਨ੍ਹਾਂ ਉੱਤੇ ਕੁੜਤੇ ਪਹਿਨਾਈਂ।
9ਤੂੰ ਹਾਰੂਨ ਅਤੇ ਉਹ ਦੇ ਪੁੱਤ੍ਰਾਂ ਦੇ ਲੱਕ ਪੇਟੀਆਂ ਨਾਲ ਬੰਨ੍ਹੀਂ ਅਰ ਉਨ੍ਹਾਂ ਉੱਤੇ ਸਾਫ਼ੇ ਬੰਨ੍ਹੀਂ ਅਰ**

**ਜਾਜਕਪੁਣਾ ਉਨ੍ਹਾਂ ਲਈ ਸਦਾ ਦੀ ਬਿਧੀ ਅਨੁਸਾਰ ਹੋਵੇਗਾ ਅਤੇ ਐਉਂ ਤੂੰ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਨੂੰ ਥਾਪੀਂ।**

**ਆਇਤਾਂ 1-3. ਜਾਜਕਾਈ** ਦੀ ਭੂਮਿਕਾ ਇੰਨੀ ਮਹੱਤਵਪੂਰਣ ਸੀ ਕਿ ਪਰਮੇਸ਼ੁਰ ਨੇ ਸਿਰਫ ਵਿਸਥਾਰ ਦੇ ਨਾਲ ਇਹ ਹੀ ਨਹੀਂ ਦੱਸਿਆ ਕਿ ਉਸ ਨੂੰ ਕਿਹੜੇ ਕੱਪੜੇ ਪਾਉਣੇ ਚਾਹੀਦੇ ਸਨ ਅਤੇ ਉਨ੍ਹਾਂ ਨੂੰ ਕਿਵੇਂ ਬਣਾਇਆ ਜਾਵੇ, ਪਰ ਉਸ ਨੇ ਜਾਜਕ ਦੀ ਥਾਪਨਾ ਦੇ ਲਈ ਵਿਸਤ੍ਰਿਤ ਨਿਰਦੇਸ਼ ਵੀ ਦਿੱਤੇ - ਇੱਕ ਰਸਮੀ ਸਮਾਰੋਹ ਜਿਸ ਨੇ ਇੱਕ ਵਿਅਕਤੀ ਨੂੰ ਅਧਿਕਾਰਤ ਤੌਰ ਤੇ ਇੱਕ ਜਾਜਕ ਬਣਾਇਆ ਅਤੇ ਉਸ ਦੇ ਕੰਮ ਨੂੰ ਸ਼ੁਰੂ ਕੀਤਾ। ਕੂਚ 40:12-15 ਵਿਚ, ਇਨ੍ਹਾਂ ਹਿਦਾਇਤਾਂ ਨੂੰ ਤੰਬੂ ਦੇ ਸੰਪੂਰਣ ਅਤੇ ਪਵਿੱਤਰ ਹੋਣ ਦੇ ਸੰਬੰਧ ਵਿਚ ਦੁਹਰਾਇਆ ਗਿਆ ਹੈ। ਪਵਿੱਤਰ ਕੀਤੇ ਜਾਣ ਦੀ ਅਸਲੀ ਰਸਮ ਲੇਵੀਆਂ 8 ਅਧਿਆਇ ਵਿਚ ਵਰਣਨ ਕੀਤੀ ਗਈ ਹੈ।

ਇਨ੍ਹਾਂ ਹਿਦਾਇਤਾਂ ਤੋਂ ਸੰਕੇਤ ਮਿਲਦਾ ਹੈ ਕਿ ਜਾਜਕ ਨੂੰ ਪਵਿੱਤਰ ਕੀਤਾ ਜਾਣਾ ਉਨ੍ਹਾਂ ਭੇਟਾਂ ਦੇ ਨਾਲ ਸ਼ੁਰੂ ਹੋਣਾ ਸੀ ਜੋ ਇਸ ਦੇ ਨਾਲ ਹੋਣਗੀਆਂ: **ਇੱਕ ਵਹਿੜਾ ਅਤੇ ਦੋ ਛੱਤ੍ਰੇ**, ਇੱਕ **ਛਾਬੇ** ਵਿਚ **ਪਤੀਰੀ ਰੋਟੀ ਅਤੇ ਪਤੀਰੇ ਪਰਾਉਠੇ**, ਅਤੇ ਪੂੜੇ। ਸ਼ਾਇਦ ਇਹ ਭੇਟਾਂ ਸੰਪੂਰਣ ਕੀਤੇ ਗਏ ਤੰਬੂ ਦੇ ਵਿਹੜੇ ਵਿਚ ਕਿਸੇ ਸਮਾਰੋਹ ਵਿਚ ਪੇਸ਼ ਕੀਤੀਆਂ ਜਾਂਦੀਆਂ ਸਨ।

ਇਹ ਕਿਸ ਦੇ ਸਾਹਮਣੇ ਪੇਸ਼ ਕੀਤੀਆਂ ਗਈਆਂ ਸਨ? ਸ਼ਾਇਦ ਮੂਸਾ ਦੇ ਦੁਆਰਾ, ਯਹੋਵਾਹ ਨੂੰ। ਮੂਸਾ ਨੇ ਪਹਿਲੀ ਸਥਾਪਨਾ ਦੀ ਅਗਵਾਈ ਕੀਤੀ (ਲੇਵੀਆਂ 8:6); ਸਭ ਤੋਂ ਵੱਧ ਸੰਭਾਵਨਾ ਹੈ ਕਿ ਉਹੀ ਉਹ ਵਿਅਕਤੀ ਹੈ ਜਿਸ ਨੂੰ ਆਇਤ 1 ਵਿਚ **ਤੂੰ** ਕਹਿ ਕੇ ਸੰਬੋਧਤ ਕੀਤਾ ਗਿਆ ਹੈ। ਪਹਿਲੇ ਪਵਿੱਤਰ ਕੀਤੇ ਜਾਣ ਤੋਂ ਬਾਅਦ, ਹੋਰ ਆਗੂ ਅਤੇ ਜਾਜਕ ਹੋਣਗੇ ਜੋ ਪ੍ਰਧਾਨਗੀ ਕਰ ਸਕਦੇ ਸਨ। ਅਧਿਆਇ ਬਾਅਦ ਵਿਚ ਵਰਣਨ ਕਰੇਗਾ ਕਿ ਇਨ੍ਹਾਂ ਬਲੀਦਾਨਾਂ ਨੂੰ ਕਿਵੇਂ ਅਤੇ ਕਦੋਂ ਚੜ੍ਹਾਇਆ ਜਾਣਾ ਸੀ।

**ਆਇਤ 4.** ਪਵਿੱਤਰ ਕਰਨ ਦੇ ਦੂਸਰੇ ਕਦਮ ਵਿਚ ਜਾਜਕਾਂ ਨੂੰ ਅੰਦਰ ਲਿਆਉਣਾ ਅਤੇ **ਪਾਣੀ ਨਾਲ ਨੁਲਹਾਈਂ** (ਨੁਲਹਾਉਣਾ) ਸੀ, ਬੇਸ਼ੱਕ ਇਸ ਉਦੇਸ਼ ਦੇ ਲਈ ਹੌਦ ਵਿਚ (30:18-21)।

**ਆਇਤਾਂ 5, 6.** ਤੀਸਰਾ, ਮੂਸਾ ਨੇ **ਹਾਰੂਨ** ਨੂੰ ਮਹਾਂ ਜਾਜਕ ਦੇ ਦਫ਼ਤਰ ਦੀ ਅਧਿਕਾਰਤ ਵਰਦੀ ਵਿਚ ਤਿਆਰ ਕਰਨਾ ਸੀ। ਖਾਸ ਤੌਰ ਤੇ, ਹਾਰੂਨ ਨੂੰ ਅੰਦਰ ਤੋਂ ਬਾਹਰ ਦੇ ਬਸਤਰ ਪਹਿਨਾਏ ਜਾਣੇ ਸਨ - ਪਹਿਲਾ **ਕੁੜਤਾ**, ਫਿਰ **ਚੋਗ਼ਾ**, ਫਿਰ **ਸੀਨਾ ਬੰਦ** ਦੇ ਨਾਲ ਜੁੜਿਆ ਹੋਇਆ **ਏਫ਼ੋਦ**, ਅਤੇ ਅੰਤ ਵਿਚ **ਪਵਿੱਤ੍ਰ ਤਾਜ** (ਜਾਂ ਸੋਨੇ ਦਾ ਪੱਤ੍ਰਾ, 28:36) ਦੇ ਨਾਲ **ਅਮਾਮਾ।** ਉਸ ਤੋਂ ਬਾਅਦ ਆਉਣ ਵਾਲੇ ਮਹਾਂ ਜਾਜਕਾਂ ਨੇ ਵੀ ਉਸੇ ਵਿਧੀ ਦੇ ਅਨੁਸਾਰ ਕਰਨਾ ਸੀ।

**ਆਇਤ 7.** ਚੌਥਾ, ਹਾਰੂਨ ਨੂੰ, ਮਹਾਂ ਜਾਜਕ ਦੇ ਰੂਪ ਵਿਚ, **ਮਸਹ ਕਰਨ ਦਾ ਤੇਲ ਲੈਕੇ ਉਸ ਦੇ ਸੀਸ ਉੱਤੇ ਚੋਵੀਂ** (ਚੁਵਾ ਕੇ) **ਮਸਹ** ਕੀਤਾ ਜਾਣਾ ਸੀ। ਪੁਰਾਣੇ ਨੇਮ ਦੇ ਸਮਿਆਂ ਵਿਚ ਮਸਹ ਕਰਨ ਦੇ ਤੇਲ ਨਾਲ ਦੂਜਿਆਂ ਨੂੰ ਨਿਯੁਕਤ ਕੀਤਾ ਜਾਣਾ, ਜਾਂ ਕਿਸੇ ਦੇ ਸਿਰ ਤੇ ਤੇਲ ਡੋਹਲਿਆ ਜਾਣਾ, ਪੁਰਾਣੇ ਨੇਮ ਦੇ ਸਮਿਆਂ ਵਿਚ ਹੋਰਨਾਂ ਮੌਕਿਆਂ ਤੇ ਹੋਇਆ ਸੀ। ਉਦਾਹਰਣ ਦੇ ਤੌਰ ਤੇ, ਸਮੂਏਲ ਨੇ ਸ਼ਾਊਲ ਨੂੰ ਰਾਜੇ ਦੇ ਰੂਪ ਵਿਚ ਮਸਹ ਕੀਤਾ ਸੀ (1 ਸਮੂਏਲ 10:1); ਬਾਅਦ ਵਿਚ ਉਸ ਨੇ ਸ਼ਾਊਲ ਤੋਂ ਪਿੱਛੋਂ ਦਾਊਦ ਨੂੰ ਮਸਹ ਕੀਤਾ (1 ਸਮੂਏਲ 16:13)। ਮਸਹ ਦੇ ਤੇਲ ਨੂੰ ਬਣਾਉਣ ਦੀਆਂ ਹਿਦਾਇਤਾਂ 30:22-33 ਵਿਚ ਦਿੱਤੀਆਂ ਗਈਆਂ ਹਨ, ਅਤੇ 37:29 ਵਿਚ ਇਸ ਦੇ ਨਿਰਮਾਣ ਦਾ ਵੇਰਵਾ ਪਾਇਆ ਜਾਂਦਾ ਹੈ।

**ਆਇਤਾਂ 8, 9.** ਫਿਰ ਲਿਖਤ ਕਹਿੰਦੀ ਹੈ ਕਿ ਹਾਰੂਨ ਦੇ **ਪੁੱਤ੍ਰਾਂ**, ਹੋਰਨਾਂ ਜਾਜਕਾਂ ਨੂੰ, ਸਧਾਰਣ

ਬਸਤਰਾਂ ਦੇ ਨਾਲ ਤਿਆਰ ਕੀਤਾ ਜਾਣਾ ਸੀ - ਜੋ ਉਨ੍ਹਾਂ ਦੇ **ਕੁੜਤੇ** ਸਨ। ਇਸ ਤੋਂ ਇਲਾਵਾ, ਸਾਰੇ ਜਾਜਕਾਂ ਦੇ ਲੱਕ **ਪੇਟੀਆਂ** ਨਾਲ **ਬੰਨ੍ਹੀਂ** (ਬੰਨ੍ਹਿਆ) ਜਾਣਾ ਸੀ, ਜਿਨ੍ਹਾਂ ਦਾ ਉਪਯੋਗ ਬੇਲਟਾਂ ਦੀ ਤਰ੍ਹਾਂ ਉਨ੍ਹਾਂ ਦੇ ਕੱਪੜਿਆਂ ਨੂੰ ਖਿੱਚਣ ਦੇ ਲਈ ਕੀਤਾ ਜਾਣਾ ਸੀ। ਅੰਤ ਵਿਚ, ਹਾਰੂਨ ਦੇ ਪੁੱਤਰਾਂ ਨੇ ਆਪਣੇ ਸਿਰਾਂ ਉੱਤੇ **ਸਾਫ਼ੇ** ਬੰਨ੍ਹਣੇ ਸਨ।

ਹਾਰੂਨ ਦੇ ਪੁੱਤਰਾਂ ਨੂੰ ਜਾਜਕਾਂ ਦੇ ਰੂਪ ਵਿਚ ਪਵਿੱਤਰ ਕਰਨ ਤੋਂ ਬਾਅਦ, ਪ੍ਰਭੂ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਉਹ ਇਸ ਨੂੰ **ਸਦਾ ਦੀ ਬਿਧੀ ਅਨੁਸਾਰ** ਧਾਰਣ ਕਰਣਗੇ। ਇਬਰਾਨੀ ਸ਼ਬਦ עוֹלָם *(ਓਲਮ)*, ਜਿਸ ਦਾ ਅਨੁਵਾਦ "ਸਦਾ" ਕੀਤਾ ਗਿਆ ਹੈ, ਇਬਰਾਨੀ ਦੀ ਬਾਈਬਲ ਵਿਚ ਅਕਸਰ ਮਿਲਦਾ ਹੈ। ਇਹ ਵੱਖ ਵੱਖ ਸੰਸਕਰਣਾਂ ਦੇ ਦੁਆਰਾ ਕਈ ਤਰੀਕਿਆਂ ਦੇ ਨਾਲ ਪ੍ਰਸਤੁਤ ਕੀਤਾ ਗਿਆ ਹੈ, ਇਸ ਵਿਚ "ਹਮੇਸ਼ਾ," "ਅਨੰਤ," "ਪੁਰਾਣਾ," "ਪੁਰਾਤਨ," "ਹਮੇਸ਼ਾ ਦੇ ਲਈ," "ਸਦਾ ਸਦਾ ਲਈ" ਅਤੇ "ਸਦਾ।" ਜ਼ਰੂਰੀ ਨਹੀਂ ਹੈ ਕਿ *ਓਲਮ* ਦਾ ਅਰਥ "ਸਦੀਵੀ" ਜਾਂ "ਸਮੇਂ ਦੇ ਅੰਤ ਤੱਕ" ਹੀ ਹੋਵੇ। ਆਇਤ 9 ਦਾ ਬਿੰਦੂ ਇਹ ਹੈ ਕਿ ਜਦੋਂ ਤੱਕ ਸ਼ਰਾ ਲਾਗੂ ਰਹੇਗੀ, ਲੇਵੀ ਤੋਂ ਇਲਾਵਾ ਕਿਸੇ ਵੀ ਗੋਤ ਜਾਂ ਹਾਰੂਨ ਦੇ ਪਰਿਵਾਰ ਤੋਂ ਇਲਾਵਾ ਕਿਸੇ ਵੀ ਪਰਿਵਾਰ ਵਿਚੋਂ ਕਿਸੇ ਨੂੰ ਵੀ ਜਾਜਕ ਦੇ ਰੂਪ ਵਿਚ ਸੇਵਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਬਰਾਨੀਆਂ ਦੇ ਲੇਖਕ ਨੇ ਤਰਕ ਦਿੱਤਾ ਕਿ ਜਾਜਕਾਈ ਵਿਚ ਬਦਲਾਵ ਦਾ ਅਰਥ ਸ਼ਰਾ ਵਿਚ ਬਦਲਾਵ ਹੋਣਾ ਸੀ। ਉਸ ਨੇ ਕਿਹਾ ਕਿ ਯਿਸੂ ਮਸੀਹ, ਸਾਡਾ ਮਹਾਨ ਮਹਾਂ ਜਾਜਕ, ਯਹੂਦਾਹ ਦੇ ਗੋਤ ਵਿਚੋਂ ਨਿਕਲਿਆ ਸੀ ਨਾ ਕਿ ਲੇਵੀ ਦੇ ਗੋਤ ਵਿਚੋਂ। ਯਿਸੂ ਮਲਕਿਸਿਦਕ ਦੇ ਕ੍ਰਮ ਵਿਚੋਂ ਆਇਆ ਸੀ, ਨਾ ਕਿ ਹਾਰੂਨ ਦੇ ਕ੍ਰਮ ਵਿਚੋਂ (ਇਬਰਾਨੀਆਂ 7:11-22)। ਕੂਚ ਵਿਚਲੇ ਇਸ ਹਵਾਲੇ ਨੂੰ, ਇਬਰਾਨੀਆਂ ਦੇ ਇੱਕ ਹਵਾਲੇ ਦੇ ਨਾਲ ਜੋੜਿਆ ਗਿਆ ਹੈ, ਜੋ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਜਦੋਂ ਕੂਚ "ਸਦਾ ਦੀ" ਜਾਂ "ਸਦੀਵੀ" ਦੇ ਵਿਸ਼ੇ ਵਿਚ ਬੋਲਦਾ ਹੈ, ਤਾਂ ਇਹ ਉਸ ਸਮੇਂ ਦੇ ਬਾਰੇ ਬੋਲਦਾ ਹੈ ਜਦੋਂ ਮੂਸਾ ਦੀ ਸ਼ਰਾ ਪ੍ਰਭਾਵਸ਼ਾਲੀ ਸੀ।

## ਪਵਿੱਤ੍ਰ ਕਰਨ ਦੀ ਰਸਮ (29:10-37)

### ਵਹਿੜੇ ਦੀ ਭੇਟ (29:10-14)

**10ਮੰਡਲੀ ਦੇ ਤੰਬੂ ਦੇ ਅੱਗੇ ਤੂੰ ਵਹਿੜੇ ਨੂੰ ਨੇੜੇ ਲਿਆਵੀਂ ਅਤੇ ਹਾਰੂਨ ਅਰ ਉਸ ਦੇ ਪੁੱਤ੍ਰ ਆਪਣੇ ਹੱਥ ਵਹਿੜੇ ਦੇ ਸਿਰ ਉੱਤੇ ਰੱਖਣ। 11ਫੇਰ ਤੂੰ ਉਸ ਵਹਿੜੇ ਨੂੰ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਯਹੋਵਾਹ ਦੇ ਅੱਗੇ ਕੱਟ ਸੁੱਟੀਂ। 12ਤੂੰ ਵਹਿੜੇ ਦਾ ਲਹੂ ਲੈਕੇ ਜਗਵੇਦੀ ਦੇ ਸਿੰਙਾਂ ਉੱਤੇ ਆਪਣੀ ਉਂਗਲੀ ਨਾਲ ਲਾਈਂ ਅਤੇ ਬਾਕੀ ਦਾ ਲਹੂ ਜਗਵੇਦੀ ਦੀ ਨਿਉਂ ਉੱਤੇ ਡੋਹਲ ਦੇਈਂ। 13ਤੂੰ ਸਾਰੀ ਚਰਬੀ ਜਿਹੜੀ ਆਂਦਰਾਂ ਨੂੰ ਢੱਕਦੀ ਹੈ ਅਤੇ ਕਲੇਜੀ ਦੀ ਉਤਲੀ ਝਿੱਲੀ ਅਰ ਦੋਹਾਂ ਗੁਰਦਿਆਂ ਨੂੰ ਅਤੇ ਚਰਬੀ ਨੂੰ ਜਿਹੜੀ ਉਨ੍ਹਾਂ ਦੇ ਉੱਤੇ ਹੈ ਲੈਕੇ ਜਗਵੇਦੀ ਉੱਤੇ ਸਾੜ ਸੁੱਟੀਂ। 14ਪਰ ਵਹਿੜੇ ਦਾ ਮਾਸ ਅਤੇ ਉਸ ਦਾ ਚੰਮ ਅਤੇ ਗੋਹਾ ਤੂੰ ਡੇਰੇ ਤੋਂ ਬਾਹਰ ਅੱਗ ਨਾਲ ਸਾੜ ਦੇਈਂ। ਏਹ ਪਾਪ ਦੀ ਬਲੀ ਹੈ।**

ਜਾਜਕਾਂ ਨੂੰ ਪਵਿੱਤਰ ਕਰਨ ਦੇ ਪੰਜਵੇਂ ਅਤੇ ਆਖਰੀ ਕਦਮ ਵਿਚ ਪਹਿਲਾਂ ਵਰਣਨ ਕੀਤੇ ਗਏ ਬਲੀਦਾਨਾਂ ਦੀ ਪੇਸ਼ਕਸ਼ ਅਤੇ ਖਪਤ ਸ਼ਾਮਲ ਸੀ। ਹਿਦਾਇਤਾਂ ਲੰਬੀਆਂ ਅਤੇ ਵਿਸਥਾਰ ਪੂਰਵਕ ਹਨ ਪਰ ਇਨ੍ਹਾਂ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਹਰ ਇੱਕ ਭਾਗ ਵਿਚ ਤਿੰਨਾਂ ਵਿਚੋਂ ਇੱਕ ਜਾਨਵਰ ਦੇ ਬਾਰੇ ਗੱਲ ਕੀਤੀ ਜਾ ਸਕਦੀ ਹੈ।

**ਕੂਚ 29 ਅਤੇ ਲੇਵੀਆਂ 8 ਵਿਚ ਜਾਜਕਾਂ ਦੇ ਪਵਿੱਤਰੀਕਰਣ ਦੀ ਵਿਧੀ**[2]
ਅਤੇ ਬਾਰ ਬਾਰ ਆਉਣ ਵਾਲਾ ਵਾਕ
"ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ"[3]

| **ਕੂਚ 29**<br>ਸਮਾਰੋਹ ਦੇ ਲਈ ਹਿਦਾਇਤਾਂ | | **ਲੇਵੀਆਂ 8**<br>ਸਮਾਰੋਹ ਦੀ ਸਥਾਪਨਾ |
|---|---|---|
| 29:10-14 | ਪਾਪ ਦੀ ਬਲੀ ਦਾ ਵਹਿੜਾ | 8:14-17<br>*ਵਾਕ (8:17)* |
| 29:15-18 | ਅੱਗ ਦੀ ਭੇਟ ਦਾ ਛੱਤ੍ਰਾ | 8:18-21<br>*ਵਾਕ (8:21)* |
| 29:19, 20<br>29:21<br>29:22-28 | ਥਾਪਨਾ ਦਾ ਛੱਤ੍ਰਾ<br>ਅਤੇ ਹਿਲਾਉਣ ਦੀ ਭੇਟ<br>ਅਤੇ ਚੁੱਕਣ ਦੀ ਭੇਟ | 8:22-24<br>8:30<br>8:25-29<br>*ਵਾਕ (8:29)* |
| 29:29, 30 | ਉਸ ਤੋਂ ਬਾਅਦ ਹਾਰੂਨ ਦੇ ਪੁੱਤਰਾਂ ਦੇ ਲਈ ਹਾਰੂਨ ਦੇ ਬਸਤਰ | — |
| 29:31-37 | ਥਾਪਨਾ ਦੇ ਭੋਜਨ ਨੂੰ ਖਾਣਾ | 8:31-36<br>*ਵਾਕ (8:36)* |

**ਆਇਤ 10.** ਲਿਆਏ ਗਏ ਜਾਨਵਰਾਂ ਵਿਚੋਂ, **ਵਹਿੜੇ** ਨੂੰ "ਪਾਪ ਦੀ ਭੇਟ" ਦੇ ਰੂਪ ਵਿਚ ਪਹਿਲਾਂ ਚੜ੍ਹਾਇਆ ਜਾਣਾ ਸੀ (29:14)। ਜਦੋਂ **ਹਾਰੂਨ ਅਰ ਉਸ ਦੇ ਪੁੱਤ੍ਰ** (ਪੁੱਤ੍ਰਾਂ) ਨੇ **ਆਪਣੇ ਹੱਥ ਵਹਿੜੇ ਦੇ ਸਿਰ ਉੱਤੇ** ਰੱਖੇ, ਤਾਂ ਉਨ੍ਹਾਂ ਨੇ ਵਹਿੜੇ ਦੇ ਨਾਲ ਆਪਣੀ ਪਹਿਚਾਣ ਕਰਵਾਈ। ਕਿਸੇ ਅਰਥ ਵਿਚ, ਉਨ੍ਹਾਂ ਨੇ ਆਪਣੇ ਤੇ ਲੋਕਾਂ ਦੇ ਪਾਪ ਵਹਿੜੇ ਦੇ ਉੱਤੇ ਲੱਦ ਦਿੱਤੇ।

**ਆਇਤ 11.** ਫਿਰ **ਵਹਿੜੇ** ਨੂੰ **ਕੱਟ** ਦਿੱਤਾ ਜਾਣਾ ਸੀ, ਜੋ ਇਸ ਵਿਚਾਰ ਨੂੰ ਦਰਸਾਉਂਦਾ ਹੈ ਕਿ ਉਸ ਨੂੰ ਉਹ ਸਜ਼ਾ ਮਿਲੀ ਜਿਸ ਦੇ ਹੱਕਦਾਰ ਲੋਕ ਸਨ। ਆਰ. ਐਲਨ ਨੇ ਲਿਖਿਆ, "ਇਸ ਦਾ ਅਰਥ ਸਪੱਸ਼ਟ ਤੌਰ ਤੇ ਇਹੀ ਹੈ ਕਿ ਜਾਨਵਰ ਦੀ ਮੌਤ ਨੂੰ ਮਨੁੱਖ ਦੀ ਮੌਤ ਦੇ ਵਾਂਗ ਹੀ ਸਵੀਕਾਰ ਕੀਤੀ ਗਈ ਸੀ।"[1]

**ਆਇਤ 12. ਵਹਿੜੇ ਦਾ ਲਹੂ ਲੈਕੇ ਜਗਵੇਦੀ ਦੇ ਸਿੰਙਾਂ ਉੱਤੇ** ਲਾਉਣਾ ਸੀ ਅਤੇ ਬਾਕੀ ਦਾ **ਲਹੂ ਜਗਵੇਦੀ ਦੀ ਨਿਉਂ ਉੱਤੇ ਡੋਹਲ** [ਣਾ] ਸੀ, ਜੋ ਇਹ ਦਰਸਾਉਂਦਾ ਸੀ ਕਿ ਵਹਿੜੇ ਦੇ ਲਹੂ, ਜਾਂ ਮੌਤ, ਦੇ ਦੁਆਰਾ ਇਸਰਾਏਲੀਆਂ ਨੇ ਮਾਫ਼ੀ ਮੰਗੀ ਸੀ।

**ਆਇਤਾਂ 13, 14.** ਫਿਰ ਵਹਿੜੇ ਦੀ **ਸਾਰੀ ਚਰਬੀ**, **ਕਲੇਜੀ**, ਅਤੇ **ਗੁਰਦਿਆਂ** ਨੂੰ ਜਗਵੇਦੀ ਦੇ ਉੱਤੇ ਸਾੜਿਆ ਜਾਂਦਾ ਸੀ ਅਤੇ ਬਾਕੀ **ਵਹਿੜੇ** ਨੂੰ ... **ਡੇਰੇ ਦੇ ਬਾਹਰ ਸਾੜ** ਦਿੱਤਾ ਜਾਂਦਾ ਸੀ। ਲਿਖਤ ਦਾ ਸੁਝਾਅ ਹੈ ਕਿ ਵਹਿੜੇ ਦੇ ਬਾਕੀ ਭਾਗ ਉਸ ਪਾਪ ਨਾਲ ਦੂਸ਼ਿਤ ਹੋ ਗਏ ਸਨ ਜੋ ਵਹਿੜੇ ਤੇ ਲੱਦੇ ਗਏ ਸਨ ਅਤੇ ਇਸ ਤਰ੍ਹਾਂ ਉਸ ਨੂੰ "ਡੇਰੇ ਦੇ ਬਾਹਰ ਅੱਗ ਨਾਲ ਸਾੜ" ਕੇ ਉਨ੍ਹਾਂ ਨੂੰ ਖਤਮ ਕਰਨਾ ਪਿਆ ਸੀ। ਡਬਲਿਯੂ. ਐੱਚ. ਗਿਸਪਨ ਨੇ ਵਾਕ "ਡੇਰੇ ਤੋਂ ਬਾਹਰ" ਦੀ ਤੁਲਨਾ ਮਸੀਹ ਦੀ ਮੌਤ ਦੇ ਨਾਲ ਕੀਤੀ, ਕਿਉਂਕਿ ਉਸ ਨੇ "ਫਾਟਕੋਂ ਬਾਹਰ ਦੁਖ ਝੱਲਿਆ" (ਇਬਰਾਨੀਆਂ 13:11-13)। ਫਿਰ ਗਿਸਪਨ ਨੇ ਕਿਹਾ, "ਸ਼ਬਦ ਦੇ ਪੂਰਣ ਅਰਥ ਵਿਚ ਮਸੀਹ ਸਾਡੇ ਪਾਪ ਦਾ ਬਲੀਦਾਨ ਬਣ ਗਿਆ ਹੈ।"[4] ਜਾਹਿਰ ਤੌਰ ਤੇ ਵਹਿੜੇ ਦੇ ਬਲੀਦਾਨ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਤੋਂ

ਪਹਿਲਾਂ ਕਿ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਜਾਜਕਾਂ ਦੇ ਰੂਪ ਵਿਚ ਠਹਿਰਾਇਆ ਜਾਵੇ, ਉਨ੍ਹਾਂ ਦੇ ਲਈ ਪ੍ਰਾਸਚਿਤ ਕਰਨਾ ਪਿਆ; ਉਨ੍ਹਾਂ ਦੇ ਪਾਪਾਂ ਨੂੰ ਦੂਰ ਕਰਨਾ ਪਿਆ।

### ਪਹਿਲੇ ਛੱਤ੍ਰੇ ਦਾ ਬਲੀਦਾਨ (29:15-18)

**[15]ਤੂੰ ਇੱਕ ਛੱਤ੍ਰਾ ਲਵੀਂ ਅਤੇ ਹਾਰੂਨ ਅਤੇ ਉਸ ਦੇ ਪੁੱਤ੍ਰ ਆਪਣੇ ਹੱਥ ਛੱਤ੍ਰੇ ਦੇ ਸਿਰ ਉੱਤੇ ਰੱਖਣ।
[16]ਤੂੰ ਉਸ ਛੱਤ੍ਰੇ ਨੂੰ ਕੱਟ ਸੁੱਟੀਂ ਅਰ ਉਸ ਦਾ ਲਹੂ ਲੈਕੇ ਜਗਵੇਦੀ ਉੱਤੇ ਆਲੇ ਦੁਆਲੇ ਛਿੜਕ ਦੇਈਂ।
[17]ਫੇਰ ਤੂੰ ਉਸ ਛੱਤ੍ਰੇ ਨੂੰ ਟੋਟੇ ਟੋਟੇ ਕਰੀਂ ਅਰ ਉਸ ਦੀਆਂ ਆਂਦਰਾਂ ਅਰ ਉਸ ਦੀਆਂ ਲੱਤਾਂ ਧੋਕੇ
ਉਨ੍ਹਾਂ ਨੂੰ ਉਸ ਦਿਆਂ ਟੋਟਿਆਂ ਅਤੇ ਸਿਰ ਉੱਤੇ ਰੱਖੀਂ। [18]ਸੋ ਤੂੰ ਸਾਰੇ ਛੱਤ੍ਰੇ ਨੂੰ ਜਗਵੇਦੀ ਉੱਤੇ ਸਾੜ
ਸੁੱਟੀਂ। ਉਹ ਯਹੋਵਾਹ ਲਈ ਹੋਮ ਦੀ ਬਲੀ ਹੈ। ਏਹ ਇੱਕ ਸੁਗੰਧਤਾ ਹੈ। ਏਹ ਯਹੋਵਾਹ ਲਈ ਅੱਗ
ਦੀ ਭੇਟ ਹੈ।**

**ਆਇਤਾਂ 15, 16.** ਚੜ੍ਹਾਇਆ ਜਾਣ ਵਾਲਾ ਦੂਸਰਾ ਪਸ਼ੂ **ਛੱਤ੍ਰਾ** [ਛੱਤ੍ਰਿਆਂ] ਵਿਚੋਂ **ਇੱਕ ਸੀ।** ਦੁਬਾਰਾ, **ਹਾਰੂਨ ਅਤੇ ਉਸ ਦੇ ਪੁੱਤ੍ਰ** [ਪੁੱਤਰਾਂ] ਨੇ **ਆਪਣੇ ਹੱਥ** ਬਲੀਦਾਨ ਦੇ ਜਾਨਵਰ ਤੇ ਰੱਖੇ ਅਤੇ ਲਹੂ ਨੂੰ ਜਗਵੇਦੀ ਤੇ ਲਿਆਇਆ ਗਿਆ, ਜਿੱਥੇ ਇਸ ਨੂੰ **ਜਗਵੇਦੀ ਉੱਤੇ ਆਲੇ ਦੁਆਲੇ ਛਿੜਕ** ਦਿੱਤਾ ਗਿਆ ਸੀ।

**ਆਇਤਾਂ 17, 18.** ਫਿਰ, ਛੱਤ੍ਰੇ ਨੂੰ **ਟੋਟੇ ਟੋਟੇ** ਕਰਨ ਤੋਂ ਬਾਅਦ ਅਤੇ **ਉਸ ਦੀਆਂ ਆਂਦਰਾਂ ਅਰ ਉਸ ਦੀਆਂ ਲੱਤਾਂ ਧੋਕੇ ਉਨ੍ਹਾਂ ਨੂੰ ਉਸ ਦਿਆਂ ਟੋਟਿਆਂ ਅਤੇ ਸਿਰ ਉੱਤੇ** ਰੱਖਣ ਤੋਂ ਬਾਅਦ **ਜਗਵੇਦੀ ਉੱਤੇ**, ਇੱਕ **ਸੁਗੰਧਤਾ** ਅਤੇ **ਯਹੋਵਾਹ ਲਈ ਅੱਗ ਦੀ ਭੇਟ** ਦੇ ਰੂਪ ਵਿਚ **ਸਾੜ** ਦਿੱਤਾ ਗਿਆ। ਇੰਞ ਜਾਪਦਾ ਹੈ ਕਿ ਬਲੀਦਾਨ ਉੱਤੇ ਜ਼ੋਰ ਦਿੱਤਾ ਗਿਆ ਹੈ - ਪ੍ਰਭੂ ਨੂੰ ਦਿੱਤਾ ਗਿਆ ਇੱਕ ਉਪਹਾਰ ਜਿਸ ਤੋਂ ਦੇਣ ਵਾਲੇ ਨੂੰ ਇਸ ਗਿਆਨ ਤੋਂ ਬਿਨਾਂ ਕੋਈ ਫਾਇਦਾ ਨਹੀਂ ਹੋਇਆ ਕਿ ਜੋ ਉਸ ਨੇ ਕੀਤਾ ਸੀ ਉਸ ਨਾਲ ਪਰਮੇਸ਼ੁਰ ਨੂੰ ਅਨੰਦਿਤ ਕੀਤਾ ਸੀ।

### ਦੂਸਰੇ ਛੱਤ੍ਰੇ ਦਾ ਬਲੀਦਾਨ (29:19-37)

ਦੂਸਰੇ ਛੱਤ੍ਰੇ ਦਾ ਬਲੀਦਾਨ ਇਸ ਰਸਮ ਦੇ ਪੜਾਅ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਜਾਪਦਾ ਹੈ। ਇਹ ਰਸਮ ਦਾ ਵਰਣਨ ਆਇਤ 28 ਵਿਚ ਲੋਕਾਂ ਦੀ "ਸੁੱਖ-ਸਾਂਦ" ਦੀ ਭੇਟ ਦੇ ਇੱਕ ਭਾਗ ਵਜੋਂ ਕੀਤਾ ਗਿਆ ਹੈ। ਇਸ ਛੱਤ੍ਰੇ ਨੂੰ "ਥਾਪਨਾ ਦਾ ਛੱਤ੍ਰਾ" ਕਿਹਾ ਜਾਂਦਾ ਹੈ (29:22, 26) ਕਿਉਂਕਿ ਉਸ ਦੇ ਲਹੂ ਦਾ ਇਸਤੇਮਾਲ, ਸਿਰਫ ਪ੍ਰਾਸਚਿਤ ਦੇ ਲਈ ਹੀ ਨਹੀਂ, ਸਗੋਂ ਮੁੱਖ ਤੌਰ ਤੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਜਾਜਕਾਈ ਦੇਣ ਦੇ ਲਈ ਵੀ ਕੀਤਾ ਗਿਆ ਸੀ।

ਛੱਤ੍ਰੇ ਦੇ ਭਾਗ ਦੀ ਕੁਰਬਾਨੀ (29:19-28)

**[19]ਤੂੰ ਦੂਜਾ ਛੱਤ੍ਰਾ ਲਈਂ ਅਤੇ ਹਾਰੂਨ ਅਰ ਉਸ ਦੇ ਪੁੱਤ੍ਰ ਆਪਣੇ ਹੱਥ ਉਸ ਛੱਤ੍ਰੇ ਦੇ ਸਿਰ ਉੱਤੇ
ਰੱਖਣ। [20]ਤੂੰ ਉਸ ਛੱਤ੍ਰੇ ਨੂੰ ਕੱਟ ਸੁੱਟੀਂ ਅਰ ਉਸ ਦੇ ਲਹੂ ਵਿੱਚੋਂ ਲੈਕੇ ਹਾਰੂਨ ਦੇ ਸੱਜੇ ਕੰਨ ਦੀ
ਪਾਪੜੀ ਉੱਤੇ ਅਤੇ ਉਸ ਦੇ ਪੁੱਤ੍ਰਾਂ ਦੇ ਸੱਜੇ ਕੰਨਾਂ ਦੀਆਂ ਪਾਪੜੀਆਂ ਉੱਤੇ ਅਤੇ ਉਨ੍ਹਾਂ ਦੇ ਸੱਜੇ ਹੱਥਾਂ
ਦੇ ਅੰਗੂਠਿਆਂ ਉੱਤੇ ਅਤੇ ਉਨ੍ਹਾਂ ਦੇ ਸੱਜੇ ਪੈਰਾਂ ਦੇ ਅੰਗੂਠਿਆਂ ਉੱਤੇ ਲਾਈਂ ਅਤੇ ਤੂੰ ਲਹੂ ਜਗਵੇਦੀ ਦੇ
ਉੱਤੇ ਆਲੇ ਦੁਆਲੇ ਛਿੜਕ ਦੇਈਂ। [21]ਜਿਹੜਾ ਲਹੂ ਜਗਵੇਦੀ ਉੱਤੇ ਹੈ ਤੂੰ ਉਸ ਵਿੱਚੋਂ ਅਤੇ ਮਸਹ
ਕਰਨ ਦੇ ਤੇਲ ਵਿੱਚੋਂ ਲੈਕੇ ਹਾਰੂਨ ਅਤੇ ਉਸ ਦੇ ਬਸਤ੍ਰ ਉੱਤੇ ਅਤੇ ਉਸ ਦੇ ਪੁੱਤ੍ਰਾਂ ਦੇ ਬਸਤ੍ਰਾਂ ਉੱਤੇ
ਛਿੜਕੀਂ ਅਤੇ ਐਉਂ ਉਹ ਅਤੇ ਉਸ ਦਾ ਬਸਤ੍ਰ ਅਤੇ ਉਸ ਦੇ ਪੁੱਤ੍ਰ ਅਰ ਉਸ ਦੇ ਨਾਲ ਉਸ ਦੇ ਪੁੱਤ੍ਰਾਂ**

**ਦੇ ਬਸਤ੍ਰ ਪਵਿੱਤ੍ਰ ਕੀਤੇ ਜਾਣ। [22]ਤੂੰ ਛੱਤ੍ਰੇ ਦੀ ਚਰਬੀ ਅਤੇ ਉਸ ਦੀ ਚੱਕੀ ਅਤੇ ਚਰਬੀ ਜਿਹੜੀ ਆਂਦਰਾਂ ਨੂੰ ਢੱਕਦੀ ਹੈ ਅਤੇ ਕਲੇਜੀ ਦੀ ਉਤਲੀ ਝਿੱਲੀ ਅਤੇ ਦੋਨੋਂ ਗੁਰਦੇ ਨਾਲੇ ਉਹ ਚਰਬੀ ਜਿਹੜੀ ਉਨ੍ਹਾਂ ਦੇ ਉੱਤੇ ਹੈ ਅਤੇ ਸੱਜਾ ਪੱਟ ਲਈਂ ਕਿਉਂ ਕਿ ਉਹ ਛੱਤ੍ਰਾ ਥਾਪਨਾ ਦਾ ਹੈ। [23]ਤੂੰ ਇੱਕ ਰੋਟੀ ਇੱਕ ਪਰਾਉਠਾ ਇੱਕ ਪੂੜਾ ਉਸ ਪਤੀਰੀ ਰੋਟੀ ਦੇ ਛਾਬੇ ਵਿੱਚੋਂ ਜਿਹੜੀ ਯਹੋਵਾਹ ਦੇ ਸਨਮੁਖ ਹੈ ਲਈਂ। [24]ਤੂੰ ਸਭਨਾਂ ਨੂੰ ਹਾਰੂਨ ਦੀਆਂ ਹਥੇਲੀਆਂ ਉੱਤੇ ਅਤੇ ਉਸ ਦੇ ਪੁੱਤ੍ਰਾਂ ਦੀ ਹਥੇਲੀਆਂ ਉੱਤੇ ਰੱਖੀਂ ਅਤੇ ਤੂੰ ਉਨ੍ਹਾਂ ਨੂੰ ਹਿਲਾਉਣ ਦੀ ਭੇਟ ਯਹੋਵਾਹ ਲਈ ਹਿਲਾਵੀਂ। [25]ਫੇਰ ਤੂੰ ਉਨ੍ਹਾਂ ਨੂੰ ਉਨ੍ਹਾਂ ਦੇ ਹੱਥੋਂ ਲੈਕੇ ਜਗਵੇਦੀ ਉੱਤੇ ਹੋਮ ਦੀ ਬਲੀ ਉੱਤੇ ਸਾੜ ਦੇਈਂ। ਏਹ ਯਹੋਵਾਹ ਦੇ ਅੱਗੇ ਇੱਕ ਸੁਗੰਧਤਾ ਹੈ ਅਤੇ ਯਹੋਵਾਹ ਲਈ ਇੱਕ ਅੱਗ ਦੀ ਭੇਟ ਹੈ। [26]ਤੂੰ ਹਾਰੂਨ ਦੇ ਥਾਪਨਾ ਦੇ ਛੱਤ੍ਰੇ ਦਾ ਸੀਨਾ ਲੈਕੇ ਯਹੋਵਾਹ ਦੇ ਸਨਮੁਖ ਹਿਲਾਉਣ ਦੀ ਭੇਟ ਲਈ ਹਿਲਾਵੀਂ ਅਤੇ ਉਹ ਤੇਰੀ ਵੰਡ ਹੋਵੇਗਾ। [27]ਤੂੰ ਹਿਲਾਉਣ ਦੀ ਭੇਟ ਦਾ ਸੀਨਾ ਅਤੇ ਚੁੱਕਣ ਦੀ ਭੇਟ ਦਾ ਪੱਟ ਜਿਹੜਾ ਹਿਲਾਇਆ ਜਾਵੇ ਅਤੇ ਜਿਹੜਾ ਚੁੱਕਿਆ ਜਾਵੇ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਦੇ ਥਾਪਨਾ ਦੇ ਛੱਤ੍ਰੇ ਤੋਂ ਪਵਿੱਤ੍ਰ ਕਰੀਂ। [28]ਸੋ ਉਹ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਲਈ ਸਦਾ ਦਾ ਹੱਕ ਇਸਰਾਏਲੀਆਂ ਵੱਲੋਂ ਹੋਵੇ ਕਿਉਂ ਜੋ ਉਹ ਚੁੱਕਣ ਦੀ ਭੇਟ ਹੈ ਅਤੇ ਚੁੱਕਣ ਦੀ ਭੇਟ ਇਸਰਾਏਲੀਆਂ ਵੱਲੋਂ ਉਨ੍ਹਾਂ ਦੀਆਂ ਸੁਖ ਸਾਂਦ ਦੀਆਂ ਭੇਟਾਂ ਤੋਂ ਹੋਵੇਗੀ ਸਗੋਂ ਯਹੋਵਾਹ ਲਈ ਉਨ੍ਹਾਂ ਦੀ ਚੁੱਕਣ ਦੀ ਭੇਟ ਰਹੇਗੀ।**

**ਆਇਤਾਂ 19, 20.** ਪਹਿਲਾਂ ਦੇ ਵਾਂਗ, ਇਸ ਰਸਮ ਦੀ ਸ਼ੁਰੂਆਤ, **ਹਾਰੂਨ ਅਤੇ ਉਸ ਦੇ ਪੁੱਤ੍ਰ** [ਪੁੱਤ੍ਰਾਂ] ਦੁਆਰਾ **ਆਪਣੇ ਹੱਥ ਉਸ ਛੱਤ੍ਰੇ ਦੇ ਸਿਰ ਉੱਤੇ ਰੱਖਣ** ਦੇ ਅਤੇ ਫਿਰ ਇਸ ਨੂੰ **ਕੱਟ ਸੁੱਟੀਂ** [**ਸੁੱਟਣ**] ਦੇ ਨਾਲ ਹੁੰਦੀ ਹੈ। ਪਰ, ਇਨ੍ਹਾਂ ਹਿਦਾਇਤਾਂ ਵਿਚ, ਪ੍ਰਕਿਰਿਆ ਬਦਲ ਗਈ ਹੈ; ਛੱਤ੍ਰੇ ਦੇ **ਲਹੂ** ਨੂੰ ਪਹਿਲਾਂ ਜਗਵੇਦੀ ਤੇ ਨਹੀਂ, ਪਰ ਜਾਜਕਾਂ ਦੇ **ਸੱਜੇ ਕੰਨਾਂ ਦੀਆਂ ਪਾਪੜੀਆਂ ਉੱਤੇ ਅਤੇ ਸੱਜੇ ਹੱਥਾਂ ਦੇ ਅੰਗੂਠਿਆਂ ਉੱਤੇ ਅਤੇ ਸੱਜੇ** ਪੈਰਾਂ ਦੇ ਅੰਗੂਠਿਆਂ ਉੱਤੇ ਲਾਈਂ (ਲਗਾਇਆ) ਜਾਣਾ ਸੀ। ਇਹ ਕਿਰਿਆਵਾਂ ਵਿਅਕਤੀ ਦੇ ਪਰਮੇਸ਼ੁਰ ਦੇ ਪ੍ਰਤਿ ਸੰਪੂਰਣ ਸਮਰਪਣ ਦਾ ਪ੍ਰਤੀਕ ਹਨ। ਫਿਰ ਲਹੂ ਨੂੰ **ਜਗਵੇਦੀ ਦੇ ਉੱਤੇ ਆਲੇ-ਦੁਆਲੇ ਛਿੜਕਿਆ ਜਾਣਾ** ਸੀ।

**ਆਇਤ 21.** ਫਿਰ, **ਮਸਹ ਕਰਨ ਦੇ ਤੇਲ** ਦੇ ਨਾਲ, **ਲਹੂ** ਵਿਚੋਂ ਕੁੱਝ ਲੈ ਕੇ ਜਾਜਕਾਂ ਦੇ **ਬਸਤ੍ਰਾਂ** ਉੱਤੇ ਛਿੜਕਣਾ ਸੀ।

**ਆਇਤਾਂ 22-25.** ਫਿਰ **ਛੱਤ੍ਰੇ** ਦਾ ਕੁੱਝ ਹਿੱਸਾ, ਕੁੱਝ **ਪਤੀਰੀ ਰੋਟੀ … ਛਾਬੇ ਵਿੱਚੋਂ** (29:2, 3), **ਜਗਵੇਦੀ ਉੱਤੇ ਹੋਮ ਦੀ ਬਲੀ** ਦੇ ਰੂਪ ਵਿਚ ਸਾੜੀ ਜਾਣੀ ਸੀ।

ਇਹ ਉਲੇਖਯੋਗ ਹੈ ਕਿ ਪਵਿੱਤਰ ਕਰਨ ਦੀ ਰਸਮ ਦੇ ਸੰਬੰਧ ਵਿਚ, ਪੁਰਾਣੇ ਨੇਮ ਵਿਚ ਤਿੰਨ ਮੁੱਖ ਬਲੀਦਾਨਾਂ ਦਾ ਉਲੇਖ ਕੀਤਾ ਗਿਆ ਹੈ: (1) *ਪਾਪ ਦੀ ਭੇਟ।* ਪਾਪ ਦੀ ਭੇਟ ਦਾ ਮੁੱਖ ਉਦੇਸ਼ ਪਾਪ ਦਾ ਪ੍ਰਾਸਚਿਤ ਕਰਨਾ ਸੀ।[5] (2) *ਹੋਮ ਦੀ ਬਲੀ।* ਹੋਮ ਬਲੀ ਵਿਚ ਸੰਪੂਰਣ ਜਾਨਵਰ ਨੂੰ ਜਗਵੇਦੀ ਦੇ ਉੱਤੇ ਭਸਮ ਕਰ ਦਿੱਤਾ ਜਾਂਦਾ ਸੀ। ਹੋਮ ਬਲੀ ਦੇ ਪਿੱਛੇ ਇਹ ਵਿਚਾਰ ਸੀ ਕਿ ਜੋ ਵਿਅਕਤੀ ਬਲੀ ਚੜ੍ਹਾ ਰਿਹਾ ਸੀ ਉਹ ਪੂਰੀ ਤਰ੍ਹਾਂ ਨਾਲ ਆਪਣੇ ਆਪ ਨੂੰ ਸਮਰਪਿਤ ਕਰ ਰਿਹਾ ਹੁੰਦਾ ਸੀ ਅਤੇ ਪਸ਼ੂ ਨੂੰ ਪੂਰੀ ਤਰ੍ਹਾਂ ਦੇ ਨਾਲ ਸਮਰਪਿਤ ਕਰ ਰਿਹਾ ਸੀ। (3) *ਸੁਖ-ਸਾਂਦ ਦੀ ਭੇਟ।* ਸੁਖ-ਸਾਂਦ ਦੀ ਭੇਟ, ਨੂੰ "ਮੰਡਲੀ ਦੀ ਭੇਟ" (NIV), ਪਰਮੇਸ਼ੁਰ ਅਤੇ ਮਨੁੱਖ ਦੇ ਵਿਚਕਾਰ ਅਤੇ ਮਨੁੱਖ ਅਤੇ ਮਨੁੱਖ ਦੇ ਵਿਚਕਾਰ ਸ਼ਾਂਤੀ ਦੀ ਮੰਗ ਕਰਨੀ ਅਤੇ ਮਨਾਉਣਾ। ਇਸ ਦੀ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਇਸ ਦਾ ਕੁੱਝ ਹਿੱਸਾ ਜਗਵੇਦੀ ਤੇ ਸਾੜਿਆ ਜਾਂਦਾ ਸੀ ਪਰ ਇਸ ਦਾ ਬਾਕੀ ਹਿੱਸਾ ਬੰਦਗੀ ਕਰਨ ਵਾਲਿਆਂ ਦੇ ਦੁਆਰਾ ਖਾਧਾ ਜਾਂਦਾ ਸੀ। "ਧੰਨਵਾਦ ਦੀ ਭੇਟ" "ਸਹੁੰ ਚੁੱਕਣ ਦੀ ਭੇਟ," ਅਤੇ "ਖੁੱਲ੍ਹਦਿਲੀ ਨਾਲ ਚੜ੍ਹਾਈਆਂ ਗਈਆਂ ਭੇਟਾਂ" ਇਹ ਸਭ ਸ਼ਾਂਤੀ ਦੀਆਂ ਭੇਟਾਂ ਦੀਆਂ ਕਿਸਮਾਂ

ਸਨ।[6]

**ਆਇਤਾਂ 26-28.** ਅਧਿਆਇ ਵਿਚ ਦੋ ਹੋਰ ਕਿਸਮਾਂ ਦੀਆਂ ਭੇਟਾਂ ਦਾ ਵਰਣਨ ਕੀਤਾ ਗਿਆ ਹੈ: **ਹਿਲਾਉਣ ਦੀ ਭੇਟ** ਅਤੇ **ਚੁੱਕਣ ਦੀ ਭੇਟ**। "ਹਿਲਾਉਣ ਦੀ ਭੇਟ" ਇਸ ਪ੍ਰਕਾਰ ਦੀ ਰਸਮੀ ਕਾਰਵਾਈ ਨੂੰ ਦਰਸਾਉਂਦੀ ਹੈ; ਕਿ ਜੋ ਚੜ੍ਹਾਇਆ ਗਿਆ ਸੀ ਉਸ ਨੂੰ ਪਹਿਲਾਂ ਕੁੱਝ ਪ੍ਰਤੀਕਾਤਮਕ ਤਰੀਕੇ ਦੇ ਨਾਲ "ਹਿਲਾਇਆ ਗਿਆ ਸੀ" ਅਤੇ ਫਿਰ ਜਗਵੇਦੀ ਤੇ ਰੱਖਿਆ ਗਿਆ ਸੀ। *ਦ ਨਿਊ ਓਕਸਫੋਰਡ ਐਨੋਟੇਟਡ ਬਾਈਬਲ* ਕਹਿੰਦੀ ਹੈ ਕਿ NRSV ਵਿਚ ਇਸ ਭਾਵ ਦਾ ਅਨੁਵਾਦ "ਚੁੱਕਣ ਵਾਲੀ ਭੇਟ" ਦੇ ਰੂਪ ਵਿਚ ਕੀਤਾ ਗਿਆ ਹੈ ("ਹਿਲਾਉਣ ਦੀ ਭੇਟ"; NASB) "ਭੇਟ ਨੂੰ ਜਗਵੇਦੀ ਦੇ ਵੱਲ ਅਤੇ ਜਗਵੇਦੀ ਤੋਂ ਦੂਰ ਲੈ ਜਾਣ ਦੀ ਗਤੀਵਿਧੀ, ਭੇਟ ਨੂੰ ਪਰਮੇਸ਼ੁਰ ਨੂੰ ਚੜ੍ਹਾਉਣ ਨੂੰ ਅਤੇ ਇੱਕ ਹਿੱਸੇ ਦੇ ਰੂਪ ਵਿਚ ਵਾਪਸ ਪ੍ਰਾਪਤ ਕਰਨ"[7] ਨੂੰ ਦਰਸਾਉਂਦੀ ਸੀ।

"ਚੁੱਕਣ ਦੀ ਭੇਟ" ਦਾ ਵਿਚਾਰ, ਜਿਵੇਂ ਕਿ ਲਿਖਤ ਤੋਂ ਸਪੱਸ਼ਟ ਹੈ ਕਿ ਇਹ ਪਰਮੇਸ਼ੁਰ ਨੂੰ ਸਮਰਪਿਤ ਸੀ। ਡੇਵਿਡ ਪੀ. ਰਾਇਟ ਦੇ ਅਨੁਸਾਰ, ਇੱਕ ਸ਼ਬਦ "ਜਿਸ ਦਾ ਸਹੀ ਅਰਥ 'ਸਮਰਪਣ' ਜਾਂ 'ਸਮਰਪਿਤ ਭੇਟ'" ਹੈ "ਚੁੱਕਣ ਦੀ ਭੇਟ" "ਇੱਕ ਗਲਤ ਅਨੁਵਾਦ ਹੈ।"[8] ਉਸ ਨੇ ਅੱਗੇ ਕਿਹਾ,

> [ਉਹੀ ਸ਼ਬਦ] ਇਹ ਸੁੱਖ ਸਾਂਦ ਦੀ ਭੇਟ ਦੇ ਜਾਨਵਰ ਦੇ ਪੱਟ [ਸ਼ਾਂਤੀ ਦੀ ਭੇਟ] (ਲੇਵੀਆਂ 7:32-34), ਦਸਵੰਧ (ਗਿਣਤੀ 18:24-29), ਹੈਕਲ ਬਣਾਉਣ ਦੀ ਸਮੱਗਰੀ (ਕੂਚ 25:2), ਭੂਮੀ (ਹਿਜ਼ਕੀਏਲ 48:8-21), ਅਤੇ ਹੋਰ ਬਹੁਤ ਸਾਰੀਆਂ ਪਵਿੱਤਰ ਭੇਟਾਂ ... ਲਈ ਵਰਤਿਆ ਜਾਂਦਾ ਹੈ। ਸਮਰਪਣ - ਇੱਕ ਵਸਤੂ ਦੇ ਉੱਤੇ ਉਸ ਦੇ ਮਾਲਕ ਦੀ ਮਾਲਕੀ ਖਤਮ ਹੋ ਕੇ ਪਰਮੇਸ਼ੁਰ ਦੀ ਮਾਲਕੀ ਹੋ ਜਾਣ ਦਾ ਸੰਕੇਤ ਦਿੰਦਾ ਹੈ ... । [ਇਹ] ਹੈਕਲ ਵਿਚ ਕੀਤਾ ਜਾਣ ਵਾਲਾ ਇੱਕ ਰੀਤਿ-ਰਿਵਾਜ਼ ਨਹੀਂ ਹੈ ਪਰ ਇਹ ਇੱਕ ਸਧਾਰਣ ਸਮਰਪਣ ਹੈ ਜੋ ਇਸ ਤੋਂ ਬਾਹਰ ਆਸ-ਪਾਸ ਪ੍ਰਭਾਵ ਪਾਉਂਦਾ ਹੈ।[9]

ਇਸ ਕਿਸਮ ਦੇ ਬਲੀਦਾਨਾਂ ਦੇ ਨਾਲ, ਛੱਤ੍ਰੇ ਦੇ ਉਹ ਭਾਗ ਜੋ ਜਗਵੇਦੀ ਦੇ ਉੱਤੇ ਭਸਮ ਨਹੀਂ ਹੋਏ ਸਨ - **ਹਾਰੂਨ ਦੇ ਥਾਪਨਾ ਦੇ ਛੱਤ੍ਰੇ ਦਾ ਸੀਨਾ** ਅਤੇ **ਚੁੱਕਣ ਦੀ ਭੇਟ ਦਾ** ਪੱਟ - ਜਾਜਕਾਂ ਨੂੰ ਦਿੱਤਾ ਜਾਂਦਾ ਸੀ।

ਬਾਕੀ ਛੱਤ੍ਰੇ ਨੂੰ ਖਾਣਾ (29:29-37)

**29ਪਵਿੱਤ੍ਰ ਬਸਤ੍ਰ ਜਿਹੜੇ ਹਾਰੂਨ ਦੇ ਹਨ ਉਸ ਦੇ ਮੰਗਰੋਂ ਉਸ ਦੇ ਪੁੱਤ੍ਰਾਂ ਦੇ ਹੋਣਗੇ। ਉਨ੍ਹਾਂ ਦੇ ਵਿੱਚ ਓਹ ਮਸਹ ਕੀਤੇ ਜਾਣ ਅਤੇ ਥਾਪੇ ਜਾਣ। 30ਸੱਤ ਦਿਨ ਜਿਹੜਾ ਪੁੱਤ੍ਰ ਉਸ ਦੀ ਥਾਂ ਜਾਜਕ ਹੋਵੇ ਉਹ ਉਨ੍ਹਾਂ ਨੂੰ ਜਦ ਉਹ ਮੰਡਲੀ ਦੇ ਤੰਬੂ ਨੂੰ ਪਵਿੱਤ੍ਰ ਅਸਥਾਨ ਵਿੱਚ ਉਪਾਸਨਾ ਲਈ ਜਾਵੇ ਪਹਿਨੇ। 31ਤੂੰ ਥਾਪਨਾ ਦੇ ਛੱਤ੍ਰੇ ਨੂੰ ਲੈਕੇ ਉਸ ਦਾ ਮਾਸ ਇੱਕ ਪਵਿੱਤ੍ਰ ਅਸਥਾਨ ਵਿੱਚ ਉਬਾਲੀਂ। 32ਅਤੇ ਹਾਰੂਨ ਅਰ ਉਸ ਦੇ ਪੁੱਤ੍ਰ ਛੱਤ੍ਰੇ ਦਾ ਮਾਸ ਅਤੇ ਰੋਟੀ ਜਿਹੜੀ ਉਸ ਛਾਬੇ ਵਿੱਚ ਹੈ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਖਾਣ। 33ਓਹ ਉਨ੍ਹਾਂ ਵਸਤਾਂ ਨੂੰ ਖਾਣ ਜਿਨ੍ਹਾਂ ਨਾਲ ਪਰਾਸਚਿਤ ਕੀਤਾ ਗਿਆ ਤਾਂ ਜੋ ਓਹ ਥਾਪੇ ਅਤੇ ਪਵਿੱਤ੍ਰ ਕੀਤੇ ਜਾਣ ਪਰ ਕੋਈ ਓਪਰਾ ਉਸ ਤੋਂ ਨਾ ਖਾਵੇ ਕਿਉਂ ਜੋ ਓਹ ਪਵਿੱਤ੍ਰ ਹਨ। 34ਅਤੇ ਜੇ ਕਦੀ ਥਾਪਨਾ ਦੇ ਮਾਸ ਤੋਂ ਅਥਵਾ ਰੋਟੀ ਤੋਂ ਸਵੇਰ ਤੀਕ ਕੁਝ ਬਾਕੀ ਰਹੇ ਤਾਂ ਤੂੰ ਉਸ ਬੱਚਤ ਨੂੰ ਅੱਗ ਵਿੱਚ ਸਾੜ ਸੁੱਟੀਂ। ਉਹ ਖਾਧਾ ਨਾ ਜਾਵੇ ਕਿਉਂ ਜੋ ਉਹ ਪਵਿੱਤ੍ਰ ਹੈ। 35ਸੋ ਤੂੰ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਲਈ ਓਦਾਂ ਹੀ ਕਰੀਂ ਜਿੱਦਾਂ ਮੈਂ ਤੈਨੂੰ ਹੁਕਮ ਦਿੱਤਾ ਹੈ। ਸੱਤ ਦਿਨ ਤੀਕ ਤੂੰ ਉਨ੍ਹਾਂ ਦੀ ਥਾਪਨਾ ਕਰੀਂ। 36ਪਾਪ ਦੀ ਭੇਟ ਦਾ ਵਹਿੜਾ ਨਿੱਤ ਪਰਾਸਚਿਤ ਲਈ ਤੂੰ**

**ਚੜ੍ਹਾਈਂ ਅਤੇ ਤੂੰ ਜਗਵੇਦੀ ਨੂੰ ਸ਼ੁਧ ਕਰੀਂ। ਜਦ ਤੂੰ ਉਸ ਲਈ ਪਰਾਸਚਿਤ ਕਰੇਂ ਤੂੰ ਉਹ ਨੂੰ ਪਵਿੱਤ੍ਰ ਕਰਨ ਲਈ ਤੇਲ ਚੋਵੀਂ।** [37]**ਸੱਤ ਦਿਨ ਤੀਕ ਤੂੰ ਜਗਵੇਦੀ ਲਈ ਪਰਾਸਚਿਤ ਕਰ ਕੇ ਉਹ ਨੂੰ ਪਵਿੱਤ੍ਰ ਕਰੀਂ ਸੋ ਉਹ ਜਗਵੇਦੀ ਅੱਤ ਪਵਿੱਤ੍ਰ ਹੋਵੇਗੀ ਅਤੇ ਜਿਹੜਾ ਜਗਵੇਦੀ ਨੂੰ ਛੂਹੇ ਉਹ ਪਵਿੱਤ੍ਰ ਹੋਵੇਗਾ।**

**ਆਇਤਾਂ 29, 30. ਜਾਜਕ** [ਜਾਜਕਾਂ] ਨੂੰ ਥਾਪੇ ਜਾਣ ਦੇ ਸਮੇਂ ਚੜ੍ਹਾਏ ਜਾਣ ਵਾਲੇ ਬਲੀਦਾਨਾਂ ਦਾ ਵਰਣਨ ਕਰਨ ਤੋਂ ਇਲਾਵਾ, ਅਧਿਆਇ ਵਿਚ ਦਿੱਤੀਆਂ ਗਈਆਂ ਹਿਦਾਇਤਾਂ ਵਿਚ **ਪਵਿੱਤ੍ਰ ਬਸਤ੍ਰ ਜਿਹੜੇ ਹਾਰੂਨ** ਦੇ ਸਨ ਜੋ ਜਾਜਕ ਪਾਉਂਦੇ ਹਨ ਅਤੇ ਸੰਕੇਤ ਦਿੰਦੇ ਹਨ ਕਿ ਥਾਪੇ ਜਾਣ ਦੇ ਕੰਮ **ਸੱਤ ਦਿਨ** [ਦਿਨਾਂ] ਵਿਚ ਪੂਰੇ ਹੁੰਦੇ ਹਨ (29:30-37)। ਲਿਖਤ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ "ਪਵਿੱਤਰ ਬਸਤਰ" ਦੀ ਸਭ ਤੋਂ ਵੱਧ ਸੰਭਾਵਨਾ ਮਹਾਂ ਜਾਜਕ ਦੀ ਵਰਦੀ ਹੈ, ਜੋ **ਉਸ ਦੇ ਪੁੱਤ੍ਰਾਂ** ਦੁਆਰਾ ਪਾਈ ਜਾਂਦੀ ਸੀ। ਹਾਰੂਨ ਦਾ ਸਥਾਨ ਲੈਣ ਵਾਲਾ ਪੁੱਤਰ, ਜੋ ਅਗਲਾ ਮਹਾਂ ਜਾਜਕ ਬਣਿਆ, ਉਹ **ਮੰਡਲੀ ਦੇ ਤੰਬੂ ਨੂੰ ਪਵਿੱਤ੍ਰ ਅਸਥਾਨ ਵਿੱਚ ਉਪਾਸਨਾ ਲਈ** ਜਾਣ ਦੇ ਸਮੇਂ ਇਨ੍ਹਾਂ ਬਸਤਰਾਂ ਨੂੰ ਪਹਿਨਦਾ ਹੁੰਦਾ ਸੀ। ਥਾਪਣ ਦੀ ਰਸਮ ਦੇ ਲਈ, ਇਸ ਸ਼ਰਤ ਦਾ ਅਰਥ ਸੀ ਕਿ ਉਹ "ਸੱਤ ਦਿਨ" ਲਈ ਪਹਿਨੇ ਜਾਣਗੇ, ਕਿਉਂਕਿ ਜਾਜਕਾਂ ਦੇ ਥਾਪੇ ਜਾਣ ਦੀਆਂ ਰਸਮਾਂ ਵਿਚ ਉਸ ਸਮੇਂ ਤੱਕ ਉਨ੍ਹਾਂ ਨੂੰ ਜਾਰੀ ਰੱਖਣਾ ਸ਼ਾਮਲ ਸੀ (29:35, 37)।

**ਆਇਤਾਂ 31-34.** ਉਚਿਤ ਰਸਮ ਤੋਂ ਬਾਅਦ, ਇੱਕ **ਛੱਤ੍ਰੇ** ਨੂੰ **ਇੱਕ ਪਵਿੱਤ੍ਰ ਅਸਥਾਨ** ਵਿਚ **ਉਬਾ** [ਲਿਆ] ਅਤੇ ਉਸ **ਰੋਟੀ** ਨਾਲ ਜੋ **ਛਾਬੇ ਵਿੱਚ ਹੈ,** ਜਾਜਕਾਂ ਦੇ ਦੁਆਰਾ **ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਖਾ** [ਧਾ] ਜਾਣਾ ਚਾਹੀਦਾ ਸੀ। ਜੋ ਜਾਜਕ ਨਹੀਂ ਸਨ ਉਹ ਇਸ **ਪਵਿੱਤ੍ਰ** ਭੋਜਨ ਤੋਂ **ਨਾ** [ਨਹੀਂ] **ਖਾਵੇ** [ਖਾ] ਸਕਦੇ ਸਨ। ਜਾਜਕਾਂ ਦੇ ਖਾ ਲੈਣ ਤੋਂ ਬਾਅਦ, **ਜੇ ਕਦੀ ਥਾਪਨਾ ਦੇ ਮਾਸ** [ਛੱਤ੍ਰੇ ਦੇ] **ਤੋਂ ਅਥਵਾ ਰੋਟੀ ਤੋਂ** ਬਚ ਜਾਵੇ, ਤਾਂ ਉਸ ਨੂੰ ਅੱਗ ਵਿਚ ਸਾੜ ਦਿੱਤਾ ਜਾਂਦਾ ਸੀ।

**ਆਇਤਾਂ 35-37.** ਸੱਤ ਦਿਨ ਦੀਆਂ ਰਸਮਾਂ ਵਿਚ ਰੋਜ਼ਾਨਾ **ਇੱਕ ਵਹਿੜਾ ਪਾਪ ਦੀ ਭੇਟ** ਸ਼ਾਮਲ ਕੀਤਾ ਜਾਂਦਾ ਸੀ, **ਜਗਵੇਦੀ** ਦੇ **ਪਰਾਸਚਿਤ ਲਈ** ਅਤੇ ਉਸ ਮਸਹ ਕਰਨ ਦੇ ਲਈ ਉਸ ਦਾ ਲਹੂ ਵਰਤਿਆ ਜਾਂਦਾ ਸੀ। ਦੋ ਛੱਤ੍ਰਿਆਂ ਨੂੰ ਭੇਟ ਕਰਨ ਦੇ ਵਿਸ਼ੇ ਵਿਚ ਕੁੱਝ ਵੀ ਨਹੀਂ ਕਿਹਾ ਗਿਆ ਹੈ; ਪਰ, ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਸਾਰੀ ਰਸਮ ਨੂੰ ਸੱਤ ਦਿਨਾਂ ਤੱਕ ਦੁਹਰਾਇਆ ਜਾਂਦਾ ਸੀ। ਭਾਵੇਂ ਅਧਿਆਇ 29 ਵਿਚ ਇਸ ਦਾ ਉਲੇਖ ਨਹੀਂ ਹੈ, ਪਰ ਮਸਹ ਦੇ ਤੇਲ ਨੂੰ [ਜਗਵੇਦੀ] ਨੂੰ **ਪਵਿੱਤ੍ਰ ਕਰਨ ਲਈ ਤੇਲ ਚੋਵੀਂ** [ਚੋਇਆ] ਜਾਣਾ ਚਾਹੀਦਾ ਸੀ (ਵੇਖੋ 40:9, 10)। ਆਰ. ਐਲਨ ਕੋਲ ਨੇ ਕਿਹਾ, "ਸੱਤਾਂ ਦਿਨਾਂ ਦੇ ਲਈ ਹਰ ਰੋਜ਼ ਇਸ ਸੰਸਕਾਰ ਨੂੰ ਦੁਹਰਾਇਆ ਜਾਣਾ ਚਾਹੀਦਾ ਹੈ, ਤਾਂ ਕਿ ਇਸ ਦੀ ਪਵਿੱਤਰਤਾ ਦੇ ਮਹੱਤਵ ਤੇ ਜ਼ੋਰ ਦਿੱਤਾ ਜਾ ਸਕੇ ਅਤੇ ਇਸ ਨੂੰ ਸੰਪੂਰਣਤਾ ਦਾ ਅਰਥ ਦਿੱਤਾ ਜਾ ਸਕੇ।"[10] ਇਸ ਦਾ ਨਤੀਜਾ ਇਹ ਹੋਵੇਗਾ ਕਿ ਜਗਵੇਦੀ ਪ੍ਰਭੂ ਦੇ ਲਈ ਪਵਿੱਤਰ ਹੋਵੇਗੀ ਅਤੇ ਇਸ ਨੂੰ **ਪਵਿੱਤ੍ਰ** ਗਿਣਿਆ ਜਾ ਸਕੇ। ਬਲੀਦਾਨ ਦੇ ਸ਼ੁੱਧ ਕਰਨ ਦੇ ਕਾਰਜ ਦਾ ਸੱਤ ਵਾਰ ਦੁਹਰਾਇਆ ਜਾਣਾ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਜਗਵੇਦੀ ਨੂੰ ਪੂਰੀ ਤਰ੍ਹਾਂ ਸ਼ੁੱਧ ਹੋਣ ਦੀ ਲੋੜ ਸੀ ਤਾਂ ਇਸ ਨੂੰ ਪਰਮੇਸ਼ੁਰ ਦੀ ਸੇਵਾ ਦੇ ਲਈ ਵੱਖਰਾ ਕੀਤਾ ਜਾ ਸਕੇ। ਜਗਵੇਦੀ ਦੇ ਸ਼ੁਧ ਕੀਤੇ ਜਾਣ ਅਤੇ ਸਮਰਪਣ ਦਾ ਨਤੀਜਾ ਇਹ ਸੀ ਕਿ **ਜਿਹੜਾ ਜਗਵੇਦੀ ਨੂੰ ਛੂਹੇ** - ਉਹ "ਪਵਿੱਤਰ" ਹੋਵੇ।

## ਨਿਰੰਤਰ ਰੋਜ਼ ਭੇਟਾਂ ਚੜ੍ਹਾਉਣਾ (29:38-42)

[38]**ਉਹ ਜਿਹੜਾ ਤੈਂ ਜਗਵੇਦੀ ਉੱਤੇ ਚੜ੍ਹਾਉਣਾ ਹੈ ਸੋ ਏਹ ਹੈ - ਇੱਕ ਇੱਕ ਵਰਹੇ ਦੇ ਦੋ ਲੇਲੇ ਨਿੱਤ ਨਿੱਤ ਸਦਾ ਲਈ।** [39]**ਇੱਕ ਲੇਲਾ ਤੂੰ ਸਵੇਰ ਨੂੰ ਚੜ੍ਹਾਵੀਂ ਅਤੇ ਦੂਜਾ ਲੇਲਾ ਤੂੰ ਸ਼ਾਮਾਂ ਨੂੰ**

**ਚੜ੍ਹਾਵੀਂ। [40]ਅਤੇ ਇੱਕ ਲੇਲੇ ਨਾਲ ਏਫਾ ਦੀ ਦਸਵੰਧ ਮੈਦਾ ਖ਼ਾਲਸ ਤੇਲ ਦੇ ਹੀਨ ਦੀ ਚੌਥਾਈ ਵਿੱਚ ਮਿਲਿਆ ਹੋਇਆ ਅਤੇ ਮਧ ਦੇ ਹੀਨ ਦੀ ਚੌਥਾਈ ਪੀਣ ਦੀ ਭੇਟ ਲਈ ਚੜ੍ਹਾਵੀਂ। [41]ਤਾਂ ਤੂੰ ਦੂਜਾ ਲੇਲਾ ਸ਼ਾਮਾਂ ਦੇ ਵੇਲੇ ਚੜ੍ਹਾਵੀਂ ਅਰ ਉਸ ਦੇ ਨਾਲ ਸਵੇਰ ਦੇ ਮੈਦੇ ਦੀ ਭੇਟ ਅਨੁਸਾਰ ਅਤੇ ਉਸ ਦੀ ਪੀਣ ਦੀ ਭੇਟ ਅਨੁਸਾਰ ਯਹੋਵਾਹ ਲਈ ਸੁਗੰਧਤਾ ਦੀ ਇੱਕ ਅੱਗ ਦੀ ਭੇਟ ਚੜ੍ਹਾਵੀਂ। [42]ਏਹ ਸਦਾ ਲਈ ਤੁਹਾਡੀਆਂ ਪੀੜ੍ਹੀਆਂ ਵਿੱਚ ਹੋਮ ਦੀ ਭੇਟ ਹੋਵੇ। ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਯਹੋਵਾਹ ਦੇ ਸਨਮੁਖ ਜਿੱਥੇ ਮੈਂ ਤੇਰੇ ਨਾਲ ਗੱਲ ਕਰਨ ਲਈ ਮਿਲਾਂਗਾ।**

**ਆਇਤਾਂ 38, 39. ਜਗਵੇਦੀ** ਦੇ ਮਸਹ ਕੀਤੇ ਜਾਣ ਤੇ ਚਰਚਾ ਕਰਨ ਤੋਂ ਬਾਅਦ, ਪ੍ਰਭੂ ਆਪਣੇ ਨਿਯਮਤ ਕਾਰਜ ਵੱਲ ਮੁੜਦਾ ਹੈ। ਜਗਵੇਦੀ ਦੀ ਵਰਤੋਂ ਨਾ ਸਿਰਫ ਅਜਿਹੀਆਂ ਸਥਾਪਨਾ ਦੀਆਂ ਸੇਵਾਵਾਂ ਦੇ ਲਈ ਹੀ ਕੀਤੀ ਜਾਵੇਗੀ, ਪਰ ਇਸ ਨੂੰ ਦੈਨਿਕ ਅਧਾਰ ਤੇ ਵੀ ਇਸਤੇਮਾਲ ਕੀਤਾ ਜਾਵੇਗਾ। ਯੁੱਗ ਦੇ ਅੰਤ ਤੀਕ, **ਨਿੱਤ ਨਿੱਤ,** ਜਾਜਕਾਂ ਨੇ **ਜਗਵੇਦੀ ਉੱਤੇ ਇੱਕ ਇੱਕ ਵਰਹੇ ਦੇ ਦੋ ਲੇਲੇ** - **ਇੱਕ ਲੇਲੇ ਨੂੰ ਸਵੇਰ ਨੂੰ ...** ਅਤੇ **... ਦੂਜਾ ਲੇਲਾ ... ਸ਼ਾਮਾਂ ਨੂੰ** ਹੋਮ ਬਲੀ ਲਈ ਚੜ੍ਹਾਉਣਾ ਸੀ।

**ਆਇਤਾਂ 40, 41. ਮੈਦਾ, ਤੇਲ,** ਅਤੇ **ਮਧ** ਹਰੇਕ ਭੇਟ ਨਾਲ ਹੋਵੇਗਾ। ਕੋਲ ਨੇ ਸਮਝਾਇਆ ਕਿ ਇਹ ਅਨਾਜ ਦੀਆਂ ਭੇਟਾਂ ਅਤੇ ਮਧ ਦੀਆਂ ਪੀਣ ਦੀਆਂ ਭੇਟਾਂ ਨੂੰ ਜਾਨਵਰਾਂ ਦੇ ਨਾਲ ਇੱਕ ਸਹਾਇਕ ਸਮੱਰਥਾ ਵਿਚ ਕੁਰਬਾਨ ਕੀਤਾ ਜਾਂਦਾ ਸੀ। ਉਸ ਨੇ ਅੱਗੇ ਕਿਹਾ, "ਸ਼ਾਇਦ ਇਹ ਸੋਚਿਆ ਜਾਂਦਾ ਸੀ ਕਿ ਪਰਮੇਸ਼ੁਰ ਦੇ ਲਈ ਇੱਕ ਪੂਰਣ ਹੋਮ ਬਲੀ ਵਿਚ ਘਰੇਲੂ ਭੋਜਨ (ਮਾਸ, ਰੋਟੀ, ਮਧ) ਦੇ ਹਰ ਤੱਤ ਨੂੰ ਸ਼ਾਮਲ ਕਰਨਾ ਚਾਹੀਦਾ ਸੀ।"[11]

**ਆਇਤ 42.** ਇਹ ਭੇਟਾਂ **ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ** ਹੋਮ ਦੀ ਬਲੀ ਦੀ ਜਗਵੇਦੀ ਤੇ ਚੜ੍ਹਾਈਆਂ ਜਾਣ। ਆਇਤਾਂ 42 ਅਤੇ 44 ਵਿਚ "ਮੰਡਲੀ ਦੇ ਤੰਬੂ" ਸ਼ਬਦ ਤੰਬੂ ਨੂੰ ਦਰਸਾਉਂਦਾ ਹੈ, ਜਦਕਿ 33:7 ਵਿਚ ਉਲੇਖ ਕੀਤਾ ਗਿਆ "ਮੰਡਲੀ ਦਾ ਤੰਬੂ" ਦੂਸਰੇ ਤੰਬੂ ਨੂੰ ਦਰਸਾਉਂਦਾ ਸੀ ਜੋ "ਡੇਰੇ ਤੋਂ ਬਾਹਰ" ਲਾਇਆ ਜਾਂਦਾ ਸੀ। ਭੇਟਾਂ ਨੂੰ **ਯਹੋਵਾਹ ਦੇ ਸਨਮੁਖ** ਪੇਸ਼ ਕੀਤਾ ਜਾਂਦਾ ਸੀ, ਅਰਥਾਤ, ਉਸ ਨੂੰ ਅਤੇ ਉਸ ਦੀ ਹਜ਼ੂਰੀ ਵਿਚ। ਤੰਬੂ ਉਹ ਸਥਾਨ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਨਾਲ **ਮਿਲਾਂਗਾ** [ਮਿਲਦਾ] ਸੀ ਅਤੇ ਉਨ੍ਹਾਂ ਨਾਲ **ਗੱਲ** [ਗੱਲਾਂ] ਕਰਦਾ ਸੀ। ਉੱਥੇ ਪਰਮੇਸ਼ੁਰ ਨੇ, ਉਜਾੜ ਵਿਚਲੇ ਸਾਰੇ ਸਮੇਂ ਦੇ ਦੌਰਾਨ, ਨਿਰੰਤਰ ਇਸਰਾਏਲ ਦੇ ਉੱਤੇ ਆਪਣੀ ਇੱਛਾ ਨੂੰ ਪਰਗਟ ਕਰਨਾ ਜਾਰੀ ਰੱਖਿਆ।

## ਪਵਿੱਤ੍ਰਤਾ ਦੇ ਨਤੀਜੇ: ਪਰਮੇਸ਼ੁਰ ਦੀ ਹਜ਼ੂਰੀ (29:43-46)

**[43]ਅਤੇ ਉੱਥੇ ਮੈਂ ਇਸਰਾਏਲੀਆਂ ਨਾਲ ਮਿਲਾਂਗਾ ਅਤੇ ਉਹ ਤੰਬੂ ਮੇਰੇ ਪਰਤਾਪ ਨਾਲ ਪਵਿੱਤ੍ਰ ਕੀਤਾ ਜਾਵੇਗਾ। [44]ਮੈਂ ਮੰਡਲੀ ਦੇ ਤੰਬੂ ਨੂੰ ਅਤੇ ਜਗਵੇਦੀ ਨੂੰ ਪਵਿੱਤ੍ਰ ਕਰਾਂਗਾ ਨਾਲੇ ਮੈਂ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਨੂੰ ਆਪਣੀ ਜਾਜਕਾਈ ਦੀ ਉਪਾਸਨਾ ਲਈ ਪਵਿੱਤ੍ਰ ਕਰਾਂਗਾ। [45]ਅਤੇ ਮੈਂ ਇਸਰਾਏਲ ਦੇ ਵਿਚਕਾਰ ਵੱਸਾਂਗਾ ਅਤੇ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ। [46]ਤਾਂ ਓਹ ਜਾਣਨਗੇ ਕਿ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ ਜਿਸ ਉਨ੍ਹਾਂ ਨੂੰ ਮਿਸਰ ਦੇਸ ਤੋਂ ਕੱਢ ਲਿਆਂਦਾ ਤਾਂ ਜੋ ਮੈਂ ਉਨ੍ਹਾਂ ਦੇ ਵਿਚਕਾਰ ਵੱਸਾਂ। ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ।**

**ਆਇਤਾਂ 43-45.** ਜਾਜਕਾਂ ਅਤੇ ਜਗਵੇਦੀ ਨੂੰ ਪਵਿੱਤਰ ਕਰਨ ਦੇ ਦੁਆਰਾ ਉਸ ਉਦੇਸ਼ ਨੂੰ ਪੂਰਾ ਕੀਤਾ ਜਾਂਦਾ ਸੀ ਜਿਸ ਦੇ ਲਈ ਤੰਬੂ ਨੂੰ ਬਣਾਇਆ ਗਿਆ ਸੀ: ਪਰਮੇਸ਼ੁਰ ਦੀ ਹਜ਼ੂਰੀ। ਤੰਬੂ

ਦਿਆਂ ਨਿਰਦੇਸ਼ਾਂ ਦੇ ਸ਼ੁਰੂ ਵਿਚ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਿਹਾ "ਮੇਰੇ ਲਈ ਇੱਕ ਪਵਿੱਤ੍ਰ ਅਸਥਾਨ ਬਣਾਉਣ [ਬਣਾਓ] ਤਾਂ ਜੋ ਮੈਂ ਉਨ੍ਹਾਂ [ਤੁਹਾਡੇ] ਦੇ ਵਿਚਕਾਰ ਵੱਸਾਂ" (25:8)। ਅਧਿਆਇ 29 ਵਿਚ, ਤੰਬੂ, ਜਾਜਕਾਂ ਦੇ ਬਸਤਰ, ਅਤੇ ਜਾਜਕਾਂ ਨੂੰ ਪਵਿੱਤਰ ਕਰਨ ਦੇ ਵਿਸ਼ੇ ਵਿਚ ਨਿਰਦੇਸ਼ ਦੇਣ ਤੋਂ ਬਾਅਦ, ਪਰਮੇਸ਼ੁਰ ਨੇ ਕਿਹਾ ਕਿ ਉਹ **ਇਸਰਾਏਲੀਆਂ ਨਾਲ ਮਿਲਾਂਗਾ** (ਮਿਲੇਗਾ), ਅਰਥਾਤ ਉਹ ਆਪਣੇ **ਪਰਤਾਪ** ਨਾਲ ਤੰਬੂ ਨੂੰ **ਪਵਿੱਤ੍ਰ** ਕਰੇਗਾ, ਅਤੇ ਇਹ ਕਿ ਉਹ **ਇਸਰਾਏਲ ਦੇ ਵਿਚਕਾਰ ਵੱਸਾਂਗਾ** (ਵੱਸੇਗਾ) **ਅਤੇ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ** (ਹੋਵੇਗਾ)। ਫਿਰ ਕੂਚ ਦੇ ਆਖਰੀ ਅਧਿਆਇ ਵਿਚ, ਜਦੋਂ ਤੰਬੂ ਪੂਰਾ ਹੋ ਗਿਆ ਸੀ ਅਤੇ ਉਸ ਨੂੰ ਸਥਾਪਤ ਕੀਤਾ ਜਾ ਚੁੱਕਾ ਸੀ, "ਤਦ ਬੱਦਲ ਮੰਡਲੀ ਦੇ ਤੰਬੂ ਉੱਤੇ ਛਾ ਗਿਆ ਅਤੇ ਯਹੋਵਾਹ ਦੇ ਪਰਤਾਪ ਨੇ ਡੇਹਰੇ ਨੂੰ ਭਰ ਦਿੱਤਾ" (40:34)।

ਇਸ ਤਰ੍ਹਾਂ ਅਧਿਆਇ 29 ਵਿਚ ਇਸਰਾਏਲ ਨੂੰ ਦੱਸਿਆ ਗਿਆ ਹੈ ਕਿ ਜਦੋਂ ਤੰਬੂ ਦੇ ਪੂਰਾ ਹੋ ਜਾਣ ਤੇ ਪਰਮੇਸ਼ੁਰ ਆਪਣੀ ਹਜ਼ੂਰੀ ਤੋਂ ਜਾਣੂ ਕਰਵਾਉਂਦਾ ਹੈ, ਤਾਂ ਉਸ ਨੂੰ ਲੋਕਾਂ ਨੂੰ ਇਸ ਗੱਲ ਦਾ ਯਕੀਨ ਹੋਵੇਗਾ ਕਿ ਪਰਮੇਸ਼ੁਰ ਜਿਸ ਨੇ ਪੁਰਾਣੇ ਸਮੇਂ ਵਿਚ ਉਨ੍ਹਾਂ ਨੂੰ ਬਰਕਤ ਦਿੱਤੀ ਹੈ ਅਤੇ ਆਪਣੇ ਵਾਇਦਿਆਂ ਨੂੰ ਪੂਰਾ ਕਰਨ ਵਿਚ ਆਪਣੀ ਯੋਗਤਾ ਨੂੰ ਪਰਗਟ ਕੀਤਾ ਹੈ, ਉਹ ਉਨ੍ਹਾਂ ਦੇ ਨਾਲ ਰਹੇਗਾ।

**ਆਇਤ 46.** ਇਸ ਤੋਂ ਇਲਾਵਾ, ਇਸਰਾਏਲੀ ਨਿਸ਼ਚਤ ਤੌਰ ਤੇ **ਜਾਣਨਗੇ** ਕਿ ਇਹ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਸੀ **ਜਿਸ ਉਨ੍ਹਾਂ ਨੂੰ** [ਆਪਣੇ ਲੋਕਾਂ ਨੂੰ] **ਮਿਸਰ ਦੇਸ ਤੋਂ ਕੱਢ ਲਿਆਂਦਾ** ਸੀ। ਸ਼ਾਇਦ, ਇੱਥੇ ਅਰਥ ਸਿਰਫ ਇਹੀ ਨਹੀਂ ਹੈ ਕਿ ਇਸਰਾਏਲੀਆਂ ਨੂੰ ਪਤਾ ਲੱਗੇ ਕਿ ਇਹ ਉਨ੍ਹਾਂ ਦਾ ਪਰਮੇਸ਼ੁਰ ਯਹੋਵਾਹ ਹੈ ਜਿਸ ਨੇ ਉਨ੍ਹਾਂ ਨੂੰ ਛੁਟਕਾਰਾ ਦਿੱਤਾ ਸੀ, ਪਰ ਇਹ ਕਿ ਉਹ ਆਪਣੇ ਪਰਮੇਸ਼ੁਰ ਯਹੋਵਾਹ ਦੇ ਵਿਸ਼ੇ ਵਿਚ ਹੋਰ ਵੀ ਜਾਣ ਲੈਣ ਜਿਸ ਨੇ ਉਨ੍ਹਾਂ ਨੂੰ ਛੁਟਕਾਰਾ ਦਿੱਤਾ ਸੀ। ਉਹ ਉਸ ਦੀ ਸ਼ਕਤੀ, ਕਿਰਪਾ, ਪਵਿੱਤਰਾ, ਅਤੇ ਮਹਿਮਾ ਨੂੰ ਹੋਰ ਵੀ ਚੰਗੇ ਤਰੀਕੇ ਦੇ ਨਾਲ ਸਮਝਣਗੇ ਅਤੇ ਉਸ ਦੀ ਸਥਾਈ ਮੌਜੂਦਗੀ ਨੂੰ ਹੋਰ ਵੀ ਚੰਗੇ ਤਰੀਕੇ ਨਾਲ ਸਮਝ ਸਕਣਗੇ। ਅਧਿਆਇ ਇਸ ਬਿਆਨ ਦੇ ਨਾਲ ਖਤਮ ਹੁੰਦਾ ਹੈ: **ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ।** ਕੋਲ ਨੇ ਇਸ ਆਖਰੀ ਬਿਆਨ ਬਾਰੇ ਕਿਹਾ:

> ਇਹ ਭਾਗ ਫਤਹਿ ਦੇ ਦਾਅਵੇ ਨਾਲ ਖਤਮ ਹੁੰਦਾ ਹੈ ... *ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ।* ਜਿਵੇਂ ਕੂਚ 20:2 ਵਿਚ, ਇਸ ਤਰ੍ਹਾਂ ਦੀ ਘੋਸ਼ਣਾ ਦਾ ਯੋਗ ਕਾਰਣ ਹੈ ਅਤੇ ਪਰਮੇਸ਼ੁਰ ਦੇ ਰਾਹੀਂ ਆਪਣੇ ਲੋਕਾਂ ਤੇ ਕੀਤੇ ਗਏ ਹਰੇਕ ਦਾਅਵੇ ਅਤੇ ਮੰਗ ਦੀ ਵਜਾਹ ਹੈ, ਕਿਉਂਕਿ ਇਹ ਪਰਮੇਸ਼ੁਰ ਦੇ ਸੁਭਾਅ ਅਤੇ ਸਾਡੇ ਨਾਲ ਉਸ ਦੇ ਸੰਬੰਧ ਨੂੰ ਨਿਰਧਾਰਤ ਕਰਦਾ ਹੈ, ਜੋ ਉਸ ਦੇ ਦਿਆਲੂ ਕੰਮ ਵਿਚ ਦਿਖਾਇਆ ਗਿਆ ਹੈ। ਫਿਰ, ਇਹ ਆਇਤ, ਉਸ ਸਭ ਦਾ ਯੋਗ ਅਤੇ ਤਾਜ ਹੈ ਜੋ ਪਹਿਲਾਂ ਚਲਾ ਗਿਆ ਹੈ।[12]

ਅੰਬਰਟੋ ਕੈਸੂਟੋ ਨੇ ਨੋਟ ਕੀਤਾ,

> ਅੰਤ ਵਿਚ, ਇੱਕ ਰਾਜੇ ਦੇ ਵਾਂਗ, ਜੋ ਆਪਣੀ ਘੋਸ਼ਣਾ ਦੇ ਅੰਤ ਵਿਚ ਹਸਤਾਖਰ ਕਰਦਾ ਹੈ ਜੋ ਉਸ ਨੇ ਜਾਰੀ ਕੀਤਾ ਹੈ ਆਪਣੇ ਹਸਤਾਖਰ ਕਰਦਾ ਹੈ, ਇਸ ਨੂੰ ਪ੍ਰਮਾਣਿਤ ਕਰਨ ਅਤੇ ਇਸ ਨੂੰ ਲਾਗੂ ਕਰਨ ਦੀ ਪੂਰੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਦੇ ਲਈ, ਇੱਕ ਸ਼ਾਨਦਾਰ ਫਾਰਮੂਲਾ ਆਉਂਦਾ ਹੈ, *ਮੈਂ ਉਨ੍ਹਾਂ ਦਾ ਪਰਮੇਸ਼ੁਰ ਹਾਂ,* ਜੋ ਪਰਮੇਸ਼ੁਰ ਦੇ ਤੰਬੂ ਦੇ ਸੰਬੰਧ ਵਿਚ ਰੱਬੀ ਗੱਲਬਾਤ ਦੇ ਮੁੱਖ ਭਾਗ ਨੂੰ ਸਮਾਪਤ ਕਰਦਾ ਹੈ।[13]

ਭਾਵੇਂ ਇਹ ਅਧਿਆਇ ਮੁੱਖ ਤੌਰ ਤੇ ਉਨ੍ਹਾਂ ਰਸਮਾਂ ਨਾਲ ਸੰਬੰਧਤ ਹੈ ਜਿਨ੍ਹਾਂ ਦੇ ਦੁਆਰਾ ਤੰਬੂ ਦੇ ਸੰਪੂਰਣ ਹੋ ਜਾਣ ਤੋਂ ਬਾਅਦ ਇੱਕ ਮੌਕੇ ਤੇ ਜਾਜਕਾਂ ਨੂੰ ਪਵਿੱਤਰ ਕੀਤਾ ਜਾਵੇਗਾ, ਇਹ ਅਜਿਹੀਆਂ ਉਦਾਹਰਣਾਂ ਨੂੰ ਵੀ ਸਥਾਪਤ ਕਰਦਾ ਹੈ ਜਿਨ੍ਹਾਂ ਨੇ ਮੂਸਾ ਦੇ ਯੁੱਗ ਤੱਕ ਇਸਰਾਏਲ ਦੀ ਬੰਦਗੀ ਨੂੰ ਨਿਯੰਤਰਿਤ ਕੀਤਾ ਸੀ। ਇਸ ਸੰਬੰਧ ਵਿਚ ਇਹ ਹਵਾਲਾ ਪਸਾਹ ਦੀਆਂ ਹਿਦਾਇਤਾਂ ਦੇ ਵਾਂਗ ਹੈ (ਅਧਿਆਏ 12; 13)। ਉਸ ਮਾਮਲੇ ਵਿਚ, ਜਿਵੇਂ ਕਿ ਇਸ ਅਧਿਆਇ ਵਿਚ ਹੈ, ਹਿਦਾਇਤਾਂ ਇੱਕ ਹੀ ਮੌਕੇ ਦੇ ਲਈ ਦਿੱਤੀਆਂ ਗਈਆਂ ਹਨ, ਪਰ ਪਰਮੇਸ਼ੁਰ ਦੇ ਲੋਕਾਂ ਦੇ ਰੂਪ ਵਿਚ ਇਸਰਾਏਲ ਦੇ ਬਾਕੀ ਇਤਿਹਾਸ ਦੇ ਲਈ ਵੈਧਤਾ ਸੀ। ਸਥਾਪਤ ਕੀਤੇ ਗਏ ਸਿਧਾਂਤਾਂ ਵਿਚੋਂ ਹੇਠਾਂ ਲਿਖੇ ਹਨ:

(1). ਸਾਰੇ ਜਾਜਕਾਂ ਨੂੰ (ਇਸ ਦੇ ਉਦਘਾਟਨ ਤੇ ਨਾ ਸਿਰਫ ਜਾਜਕ ਹੀ) ਦਿੱਤੇ ਗਏ ਤਰੀਕੇ ਨਾਲ ਥਾਪਿਆ ਜਾਣਾ ਸੀ। ਇਸ ਤੋਂ ਇਲਾਵਾ, ਜਾਜਕ ਉਮਰ ਭਰ ਇਸ ਅਧਿਆਇ ਦੁਆਰਾ ਸੁਝਾਈ ਗਈ ਭੂਮਿਕਾ ਦੇ ਵਿਚ ਕੰਮ ਕਰਦੇ ਰਹਿਣਗੇ (29:9, 29)।

(2) ਬਲੀਦਾਨਾਂ ਦੀਆਂ ਕਿਸਮਾਂ (ਪਾਪ ਬਲੀ, ਸਾੜਣ ਦੀ ਭੇਟ, ਅਤੇ ਸੁੱਖ ਸਾਂਦ ਦੀ ਭੇਟ) ਬਾਰੇ ਹੋਰ ਵਿਸਥਾਰ ਪੂਰਵਕ ਹਿਦਾਇਤਾਂ ਦੀ ਆਸ ਕੀਤਾ ਜਾਂਦੀ ਹੈ ਜਿਨ੍ਹਾਂ ਦੀ ਨਿਰੰਤਰ ਲੋੜ ਹੁੰਦੀ ਹੈ (ਵੇਖੋ ਲੇਵੀਆਂ 1-7)।

(3) ਇਹ ਤੱਥ ਕਿ ਜਾਜਕਾਂ ਨੂੰ ਦੂਜੇ ਛੱਤ੍ਰੇ ਦੇ ਭਾਗ (29:32-34) ਵਿਚੋਂ ਖਾਣ ਦੀ ਇਜਾਜ਼ਤ ਸੀ ਇੱਕ ਨਿਰੰਤਰ ਮਿਸਾਲ ਨੂੰ ਕਾਇਮ ਕਰਦਾ ਹੈ। ਅਸਲ ਵਿਚ, ਤੰਬੂ ਵਿਚ ਲਿਆਏ ਗਏ ਬਲੀਦਾਨਾਂ ਵਿਚੋਂ ਖਾ ਸਕਣ ਦਾ ਉਨ੍ਹਾਂ ਦਾ ਅਧਿਕਾਰ "ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ" ਦੇ ਲਈ ਉਨ੍ਹਾਂ ਨੂੰ ਦਿੱਤੇ ਗਏ ਭੁਗਤਾਨ ਦਾ ਇੱਕ ਹਿੱਸਾ ਹੈ। ਇਹ ਨੀਤਿ, ਆਂਸ਼ਿਕ ਰੂਪ ਵਿਚ, ਉਨ੍ਹਾਂ ਦੀ ਜੀਵਿਕਾ ਕਮਾਉਣ ਦਾ ਇੱਕ ਤਰੀਕਾ ਸੀ।

(4) ਹਰ ਰੋਜ਼ ਦੋ ਲੇਲਿਆਂ ਦੀ ਕੁਰਬਾਨੀ ਦੇਣ ਦੀਆਂ ਹਿਦਾਇਤਾਂ ਇਸਰਾਏਲ ਦੇ ਪੂਰੇ ਇਤਿਹਾਸ ਵਿਚ ਲਾਗੂ ਹੁੰਦਾ ਸੀ। ਅਸਲ ਵਿਚ, ਸਵੇਰ ਅਤੇ ਸ਼ਾਮ ਦੀ ਭੇਟ ਨੂੰ ਉਸ ਸਮੇਂ ਤੱਕ ਚੜ੍ਹਾਇਆ ਜਾਂਦਾ ਰਿਹਾ, ਅਤੇ ਜਦੋਂ ਤੱਕ ਤੰਬੂ ਦੇ ਸਥਾਨ ਤੇ ਇੱਕ ਹੈਕਲ ਖੜੀ ਨਹੀਂ ਹੋ ਗਈ।

ਇਹ ਅਧਿਆਇ ਸਿਰਫ ਇਸ ਲਈ ਮਹੱਤਵਪੂਰਣ ਨਹੀਂ ਹੈ ਕਿ ਇਹ ਪੂਰਵ ਮਿਸਾਲਾਂ ਨੂੰ ਕਾਇਮ ਕਰਦਾ ਅਤੇ ਇਸਰਾਏਲ ਦੇ ਇਤਿਹਾਸ ਤੇ ਚਾਨਣਾ ਪਾਉਂਦਾ ਹੈ। ਇਹ ਮਸੀਹੀਆਂ ਦੇ ਲਈ ਵੀ ਮਹੱਤਵਪੂਰਣ ਹੈ ਕਿਉਂਕਿ ਯਿਸੂ ਨਵੇਂ ਨੇਮ ਦਾ ਮਹਾਂ ਜਾਜਕ ਹੈ (ਇਬਰਾਨੀਆਂ 8:1) ਅਤੇ ਸਾਰੇ ਮਸੀਹੀ ਜਾਜਕਾਂ ਦੇ ਰੂਪ ਵਿਚ ਸੇਵਾ ਕਰਦੇ ਹਨ (1 ਪਤਰਸ 2:5, 9)।

# ਪ੍ਰਾਸੰਗਿਕਤਾ

**ਜਾਜਕਾਈ ਦੇ ਲਈ ਜ਼ਰੂਰੀ ਸ਼ਰਤਾਂ (ਅਧਿਆਇ 29)**

ਪੁਰਾਣੇ ਨੇਮ ਨਾਲ ਨਵੇਂ ਨੇਮ ਦੀ ਤੁਲਨਾ ਕਰਨ ਤੇ ਅਸੀਂ ਜੋ ਸਭ ਤੋਂ ਮਹੱਤਵਪੂਰਣ ਤੱਥਾਂ ਵਿਚੋਂ ਇੱਕ ਇਹ ਤੱਥ ਸਿੱਖਦੇ ਹਾਂ ਕਿ, ਜਿਵੇਂ ਉਸ ਸਮੇਂ ਇੱਕ ਜਾਜਕਾਈ ਸੀ, ਉਸੇ ਤਰ੍ਹਾਂ ਹੁਣ ਵੀ ਇੱਕ ਜਾਜਕਾਈ ਹੈ। ਪਰ ਜਾਜਕਾਈ ਵਿਚ ਅੱਜ ਸਾਰੇ ਮਸੀਹੀ ਸ਼ਾਮਲ ਹਨ (1 ਪਤਰਸ 2:9, 10)। ਨਵਾਂ ਨੇਮ "ਸਾਰੇ ਵਿਸ਼ਵਾਸੀਆਂ ਦੀ ਜਾਜਕਾਈ" ਦੇ ਵਿਸ਼ੇ ਵਿਚ ਸਿਖਾਉਂਦਾ ਹੈ।"

ਆਪਣੇ ਆਪ ਨੂੰ ਜਾਜਕ ਸਮਝਣ ਦੇ ਕਾਰਣ ਸਵਾਲ ਉੱਠਦਾ ਹੈ: ਪੁਰਾਣੇ ਨੇਮ ਦੇ ਸਮੇਂ ਜਾਜਕ ਬਣਨ ਦੇ ਲਈ ਕੀ ਯੋਗਤਾ ਸੀ? ਸ਼ਾਇਦ ਜਾਜਕਾਈ ਦੀਆਂ ਹੁਣ ਦੀਆਂ ਸ਼ਰਤਾਂ ਉਸ ਸਮੇਂ ਦੀ ਜਾਜਕਾਈ ਦੀਆਂ ਸ਼ਰਤਾਂ ਦੇ ਨਾਲ ਮਿਲਦੀਆਂ ਜੁਲਦੀਆਂ ਹੋਣਗੀਆਂ। ਇਸ ਲਈ, ਆਓ ਅਸੀਂ ਜਾਜਕਪੁਣੇ ਦੀਆਂ ਸ਼ਰਤਾਂ ਤੇ ਵਿਚਾਰ ਕਰੀਏ ਜਿਵੇਂ ਇਹ ਕੂਚ 29 ਅਧਿਆਇ ਵਿਚ ਪੇਸ਼ ਕੀਤੀਆਂ

ਗਈਆਂ ਹਨ ਅਤੇ ਨਵੇਂ ਨੇਮ ਵਿਚ ਹਰੇਕ ਦੇ ਪ੍ਰਤਿਰੂਪ ਹੈ।

*ਜਾਜਕ ਬਣਨ ਦੇ ਲਈ ਇੱਕ ਆਮਦੀ ਨੂੰ ਨੁਲਾਇਆ ਜਾਂਦਾ ਸੀ* (29:4)। ਇੱਕ ਹੌਦ ਵਿਚ ਨੁਲਾਇਆ ਜਾਂਦਾ ਸੀ। ਹੌਦ ਵਿਚ ਹੋਣ ਵਾਲੀ ਸਫਾਈ ਦੀ ਤੁਲਨਾ ਬਪਤਿਸਮੇ ਵਿਚ ਹੋਣ ਵਾਲੀ ਸਫਾਈ ਨਾਲ ਕੀਤੀ ਜਾ ਸਕਦੀ ਹੈ (ਰਸੂਲਾਂ ਦੇ ਕਰਤੱਬ 22:16; ਅਫ਼ਸੀਆਂ 5:26; ਇਬਰਾਨੀਆਂ 10:22)। ਅੱਜ ਜਾਜਕ ਬਣਨ ਦੇ ਲਈ, ਅਰਥਾਤ, ਇੱਕ ਮਸੀਹੀ ਬਣਨ ਦੇ ਲਈ, ਬਪਤਿਸਮੇ ਦੇ ਪਾਣੀ ਵਿਚ ਧੋਤਾ ਜਾਣਾ ਚਾਹੀਦਾ ਹੈ (ਰਸੂਲਾਂ ਦੇ ਕਰਤੱਬ 2:38; ਮਰਕੁਸ 16:16)। ਜਿਸ ਨੂੰ ਨੁਲਾਇਆ ਨਹੀਂ ਗਿਆ ਹੈ ਉਹ ਇੱਕ ਜਾਜਕ ਬਣਨ ਦੇ ਯੋਗ ਨਹੀਂ ਹੁੰਦਾ ਹੈ।

*ਇੱਕ ਜਾਜਕ ਦੇ ਰੂਪ ਵਿਚ ਸੇਵਾ ਕਰਨ ਦੇ ਲਈ, ਇੱਕ ਮਨੁੱਖ ਨੂੰ ਜਾਜਕਾਈ ਬਸਤਰ ਪਾਉਣੇ ਪੈਂਦੇ ਸਨ* (29:5, 6)। ਮਸੀਹੀ, ਜੋ ਜਾਜਕ ਹਨ, ਉਨ੍ਹਾਂ ਨੂੰ ਵੀ ਇੱਕ ਖਾਸ ਕਿਸਮ ਦੇ ਬਸਤਰ ਪਹਿਨਣ ਦੀ ਲੋੜ ਹੁੰਦੀ ਹੈ। ਸਾਨੂੰ ਇਸ ਗੱਲ ਦਾ ਪ੍ਰਚਾਰ ਕਰਨ ਦੇ ਲਈ ਕਿ ਅਸੀਂ ਮਸੀਹੀ ਹਾਂ ਇੱਕ ਵਿਸ਼ੇਸ਼ ਪ੍ਰਕਾਰ ਦੀ ਵਰਦੀ ਪਹਿਨਣ ਦੀ ਲੋੜ ਨਹੀਂ ਹੈ ਜਿਵੇਂ ਕੁੱਝ ਲੋਕ ਕਰਦੇ ਹਨ ਜੋ ਮਸੀਹੀ ਹੋਣ ਦਾ ਢੋਂਗ ਕਰਦੇ ਹਨ। ਇਸ ਦੀ ਬਜਾਇ, ਸਾਨੂੰ "ਮਸੀਹ ਨੂੰ ਪਹਿਨ" ਲੈਣਾ ਚਾਹੀਦਾ ਹੈ, ਜਿਵੇਂ ਕੋਈ ਇੱਕ ਬਸਤਰ ਨੂੰ ਪਹਿਨਦਾ ਹੈ; ਅਤੇ ਜਦੋਂ ਅਸੀਂ ਬਪਤਿਸਮਾ ਗ੍ਰਹਿਣ ਕੀਤਾ ਤਾਂ ਅਸੀਂ ਮਸੀਹ ਨੂੰ ਪਹਿਨ ਲਿਆ (ਗਲਾਤੀਆਂ 3:26, 27)। ਸਾਡੇ ਮਸੀਹੀ ਬਣ ਜਾਣ ਤੋਂ ਬਾਅਦ, ਅਸੀਂ ਇਸ ਤਰ੍ਹਾਂ ਜੀਉਣਾ ਹੈ - ਆਪਣੇ ਪੁਰਾਣੇ ਜੀਵਨ ਦੇ ਪਾਪ ਭਰੇ ਬਸਤਰਾਂ ਨੂੰ ਲਾਹੁਣਾ ਅਤੇ ਧਾਰਮਿਕਤਾ ਦੇ ਲਿਬਾਸ ਨੂੰ ਪਹਿਨ ਲੈਣਾ ਹੈ (ਕੁਲੁੱਸੀਆਂ 3:1-17)। ਜਿਸ ਨੇ ਮਸੀਹ ਨੂੰ ਨਹੀਂ ਪਹਿਨਿਆ ਉਹ ਇੱਕ ਜਾਜਕ ਬਣਨ ਦੇ ਯੋਗ ਨਹੀਂ ਹੈ।

*ਜਾਜਕ ਬਣਨ ਦੇ ਲਈ, ਇੱਕ ਆਦਮੀ ਨੂੰ ਮਸਹ ਕੀਤਾ ਜਾਣਾ ਚਾਹੀਦਾ ਸੀ* (29:7)। ਪਵਿੱਤਰ ਕੀਤੇ ਜਾਣ ਦੀ ਰਸਮ ਵਿਚ ਮਸਹ ਕੀਤਾ ਜਾਣਾ ਬਹੁਤ ਮਹੱਤਵਪੂਰਣ ਸੀ; ਇਸ ਤੇਲ ਨੂੰ ਖਾਸ ਤੌਰ ਤੇ ਇਸੇ ਉਦੇਸ਼ ਦੇ ਲਈ ਬਣਾਇਆ ਜਾਂਦਾ ਸੀ ਅਤੇ ਇਸ ਨੂੰ ਹੋਰ ਕਾਸੇ ਵਿਚ ਵੀ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਸੀ (ਕੂਚ 30:22-33)। ਪੌਲੁਸ ਨੇ ਕਿਹਾ, "ਜਿਹੜਾ ਸਾਨੂੰ ਤੁਹਾਡੇ ਨਾਲ ਮਸੀਹ ਵਿੱਚ ਕਾਇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਥਾਪਿਆ ਉਹ ਪਰਮੇਸ਼ੁਰ ਹੈ। ਉਹ ਨੇ ਸਾਡੇ ਉੱਤੇ ਮੋਹਰ ਵੀ ਲਾਈ ਅਤੇ ਸਾਡਿਆਂ ਮਨਾਂ ਵਿੱਚ ਸਾਨੂੰ ਆਤਮਾ ਦੀ ਸਾਈ ਦਿੱਤੀ" (2 ਕੁਰਿੰਥੀਆਂ 1:21, 22)। ਪਰਮੇਸ਼ੁਰ ਜਿਸ ਨੇ "ਸਾਨੂੰ ਕਾਇਮ ਕੀਤਾ," "ਸਾਨੂੰ ਥਾਪਿਆ," "ਸਾਡੇ ਉੱਤੇ ਮੋਹਰ ਲਾਈ," ਅਤੇ "ਸਾਨੂੰ ਆਤਮਾ ਦੀ ਸਾਈ ਦਿੱਤੀ।" ਇਸ ਲਈ, ਸਾਡੇ ਮਸਹ ਕੀਤੇ ਜਾਣ ਵਿਚ ਪਵਿੱਤਰ ਆਤਮਾ ਨੂੰ ਗ੍ਰਹਿਣ ਕਰਨਾ ਸ਼ਾਮਲ ਹੈ। ਜਦੋਂ ਅਸੀਂ ਮਸੀਹੀ ਬਣਦੇ ਹਾਂ ਤਾਂ ਪਰਮੇਸ਼ੁਰ ਸਾਨੂੰ ਪਵਿੱਤਰ ਆਤਮਾ ਦਿੰਦਾ ਹੈ (ਰਸੂਲਾਂ ਦੇ ਕਰਤੱਬ 2:38; 5:32; ਗਲਾਤੀਆਂ 4:6)। ਜਿਨ੍ਹਾਂ ਨੂੰ ਪਵਿੱਤਰ ਆਤਮਾ ਨਹੀਂ ਮਿਲਿਆ ਉਹ ਜਾਜਕ ਬਣਨ ਦੇ ਯੋਗ ਨਹੀਂ ਹਨ (ਰੋਮੀਆਂ 8:9)।

*ਇੱਕ ਜਾਜਕ ਬਣਨ ਦੇ ਲਈ, ਇੱਕ ਮਨੁੱਖ ਦੇ ਉੱਤੇ ਲਹੂ ਛਿੜਕਿਆ ਜਾਂਦਾ ਸੀ* (29:19-21)। ਇਸ ਪ੍ਰਕਿਰਿਆ ਵਿਚ ਇੱਕ ਜਾਨਵਰ ਦਾ ਮਾਰਿਆ ਜਾਣਾ ਅਤੇ ਜਗਵੇਦੀ, ਜਾਜਕ, ਅਤੇ ਜਾਜਕ ਦੇ ਕੱਪੜਿਆਂ ਤੇ ਲਹੂ ਛਿੜਕਿਆ ਜਾਣਾ ਜ਼ਰੂਰੀ ਸੀ। ਲਹੂ ਦੇ ਇਸ ਛਿੜਕਾ ਨੇ ਦੋ ਚੀਜ਼ਾਂ ਦਾ ਸੰਕੇਤ ਦਿੱਤਾ। (1) ਕਿਉਂਕਿ ਜਾਜਕ ਜਾਨਵਰ ਨੂੰ ਮਾਰਨ ਤੋਂ ਪਹਿਲਾਂ ਉਸ ਦੇ ਉੱਤੇ ਆਪਣੇ ਹੱਥ ਰੱਖ ਦਿੰਦੇ ਸਨ, ਇਸ ਲਈ ਉਸ ਜਾਨਵਰ ਦਾ ਮਾਰਿਆ ਜਾਣਾ ਇੱਕ ਪਾਪ ਬਲੀ ਸੀ। ਕਿਉਂਕਿ ਜਾਜਕਾਂ ਨੇ ਆਪਣੇ ਪਾਪ ਉਸ ਜਾਨਵਰ ਦੇ ਉੱਤੇ ਲੱਦ ਦਿੱਤੇ ਸਨ, ਅਤੇ ਉਹ ਜਾਨਵਰ ਉਨ੍ਹਾਂ ਦੇ ਸਥਾਨ ਤੇ ਮਰਿਆ ਸੀ। (2) ਲਹੂ ਨੂੰ ਜਾਜਕ ਦੇ ਕੰਨਾਂ, ਅੰਗੂਠਿਆਂ, ਅਤੇ ਪੈਰਾਂ ਦੀਆਂ ਉਂਗਲੀਆਂ ਤੇ ਛਿੜਕਿਆ ਜਾਂਦਾ ਸੀ (ਕੂਚ 29:20), ਜੋ ਸੁਝਾਅ ਦਿੰਦਾ ਹੈ ਕਿ ਜਾਜਕ ਪੂਰੀ ਤਰ੍ਹਾਂ ਦੇ ਨਾਲ

ਪ੍ਰਭੂ ਨੂੰ ਸਮਰਪਿਤ ਸਨ।

ਇਸੇ ਤਰ੍ਹਾਂ, ਇਸ ਤੋਂ ਪਹਿਲਾਂ ਕਿ ਅਸੀਂ ਜਾਜਕ ਬਣ ਸਕਦੇ, ਇੱਕ ਜਣੇ ਨੂੰ ਮਰਨਾ ਪਿਆ ਸੀ। ਇਸ ਦੀ ਬਜਾਇ ਕਿ ਅਸੀਂ ਆਪਣੇ ਪਾਪਾਂ ਦੇ ਲਈ ਮਰਦੇ, ਮਸੀਹ ਸਾਡੀ ਜਗਾ ਤੇ ਮਰ ਗਿਆ, ਅਤੇ ਇਸ ਤਰ੍ਹਾਂ ਉਸ ਦੇ ਲਹੂ ਵਹਾਉਣ ਦੇ ਦੁਆਰਾ ਅਸੀਂ ਬਚਾਏ ਗਏ ਹਾਂ (ਇਬਰਾਨੀਆਂ 9:22-28; ਅਫ਼ਸੀਆਂ 1:7)। ਜਦੋਂ ਅਸੀਂ ਪਾਣੀ ਵਿਚ ਧੋਤੇ ਜਾਂਦੇ ਹਾਂ, ਉਸੇ ਸਮੇਂ ਸਾਡੀਆਂ ਆਤਮਾਵਾਂ ਦੇ ਉੱਤੇ ਲਹੂ ਲਗਾਇਆ ਜਾਂਦਾ ਹੈ (ਰੋਮੀਆਂ 6:3, 4; ਇਬਰਾਨੀਆਂ 10:22)। ਜਦੋਂ ਅਸੀਂ ਬਚਾਏ ਜਾਂਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੇ ਨਾਲ ਪ੍ਰਭੂ ਨੂੰ ਸਮਰਪਿਤ ਕਰ ਦਿੰਦੇ ਹਾਂ। ਬਪਤਿਸਮਾ, ਕਿਉਂਕਿ ਇਸ ਵਿਚ ਸਾਡਾ ਪੂਰੀ ਤਰ੍ਹਾਂ ਡੁੱਬਣਾ ਸ਼ਾਮਲ ਹੁੰਦਾ ਹੈ ਅਤੇ ਕਿਸੇ ਹੋਰ ਦੇ ਦੁਆਰਾ ਕੀਤਾ ਜਾਂਦਾ ਹੈ ਜਦਕਿ ਅਸੀਂ ਨਿਸ਼ਕ੍ਰਿਯ ਹੁੰਦੇ ਹਾਂ, ਇਸ ਦਾ ਅਰਥ ਇਹ ਹੈ ਕਿ ਅਸੀਂ ਪੂਰੀ ਤਰ੍ਹਾਂ ਦੇ ਨਾਲ ਆਪਣੇ ਆਪ ਨੂੰ ਪਰਮੇਸ਼ੁਰ ਨੂੰ ਦੇ ਦਿੱਤਾ ਹੈ। ਕੋਈ ਵੀ ਜਿਸ ਨੂੰ ਮਸੀਹ ਦੇ ਲਹੂ ਦੇ ਦੁਆਰਾ ਸਾਫ਼ ਨਹੀਂ ਕੀਤਾ ਗਿਆ ਹੈ ਜਾਜਕ ਨਹੀਂ ਬਣ ਸਕਦਾ ਹੈ।

*ਇੱਕ ਜਾਜਕ ਦੇ ਰੂਪ ਵਿਚ ਸੇਵਾ ਕਰਨ ਦੇ ਲਈ, ਇੱਕ ਆਦਮੀ ਨੂੰ ਨਿਰੰਤਰ ਬਲੀਦਾਨ ਚੜ੍ਹਾਉਣੇ ਪੈਂਦੇ ਸਨ* (29:22-46)। ਜਾਜਕਾਂ ਦੇ ਸਮਰਪਣ ਵਿਚ ਬਲੀਦਾਨ ਸ਼ਾਮਲ ਸਨ, ਅਤੇ ਉਸ ਤੋਂ ਬਾਅਦ ਨਿਰੰਤਰ ਬਲੀਦਾਨ ਚੜ੍ਹਾਉਂਦੇ ਰਹਿਣਾ ਜਾਜਕਾਂ ਦੀ ਜ਼ਿੰਮੇਵਾਰੀ ਬਣ ਗਈ ਸੀ। ਇਸੇ ਤਰ੍ਹਾਂ, ਮਸੀਹ ਦੇ ਬਲੀਦਾਨ ਦੇ ਦੁਆਰਾ ਅਸੀਂ ਜਾਜਕ ਬਣ ਗਏ ਹਾਂ, ਅਤੇ ਹੁਣ ਸਾਨੂੰ ਨਿਰੰਤਰ ਪਰਮੇਸ਼ੁਰ ਨੂੰ ਬਲੀਦਾਨ ਚੜ੍ਹਾਉਂਦੇ ਰਹਿਣਾ ਜ਼ਰੂਰੀ ਹੈ। ਉਨ੍ਹਾਂ ਬਲੀਦਾਨਾਂ ਦੇ ਵਿਚ, ਅਸੀਂ ਆਪਣੇ ਸਰੀਰਾਂ ਦੇ ਦੁਆਰਾ ਸੇਵਾ ਪ੍ਰਦਾਨ ਕਰਦੇ ਹਾਂ (ਰੋਮੀਆਂ 12:1, 2), ਆਪਣੇ ਬੁੱਲਾਂ ਤੋਂ ਮਹਿਮਾ ਕਰਦੇ ਹਾਂ, ਅਤੇ ਆਪਣੀਆਂ ਚੀਜ਼ਾਂ ਨੂੰ ਸਾਂਝੀਆਂ ਕਰਦੇ ਹਾਂ (ਇਬਰਾਨੀਆਂ 13:15, 16)। ਕੋਈ ਵੀ ਵਿਅਕਤੀ ਉਦੋਂ ਤੱਕ ਸੇਵਾ ਨਹੀਂ ਕਰ ਸਕਦਾ ਜਦੋਂ ਤੱਕ ਉਹ ਪਰਮੇਸ਼ੁਰ ਨੂੰ ਨਿਰੰਤਰ ਬਲੀਦਾਨ ਚੜ੍ਹਾਉਣ ਦੇ ਲਈ ਤਿਆਰ ਨਾ ਹੋਵੇ।

*ਸਿੱਟਾ।* ਘੱਟੋ ਘੱਟ ਦੋ ਤਰੀਕਿਆਂ ਦੇ ਨਾਲ ਉਸ ਸਮੇਂ ਜਾਜਕ ਬਣਨ ਦੀ ਅਤੇ ਹੁਣ ਜਾਜਕ ਬਣਨ ਦੀ ਪ੍ਰਕਿਰਿਆ ਅਲੱਗ ਹਨ। (1) ਸ਼ਰਾ ਦੇ ਤਹਿਤ, ਜਾਜਕ ਸਰੀਰਕ ਤੌਰ ਤੇ ਜਨਮ ਦੇ ਦੁਆਰਾ ਜਾਜਕ ਬਣਨ ਦੇ ਯੋਗ ਸਨ, ਅਤੇ (2) ਅਤੇ ਜਾਜਕਾਈ ਲੇਵੀ ਦੇ ਗੋਤ ਤੱਕ ਸੀਮਿਤ ਸੀ। ਅੱਜ, (1) ਅਸੀਂ ਇੱਕ ਆਤਮਿਕ ਜਨਮ, ਨਵਾਂ ਜਨਮ ਪ੍ਰਾਪਤ ਕਰਨ ਦੇ ਦੁਆਰਾ ਜਾਜਕਾਈ ਲਈ ਯੋਗ ਹੁੰਦੇ ਹਾਂ (ਯੂਹੰਨਾ 3:3, 5), ਅਤੇ (2) ਕੋਈ ਵੀ - ਇਸਤਰੀ ਜਾਂ ਪੁਰਖ, ਕਿਸੇ ਵੀ ਗੋਤ ਜਾਂ ਭਾਸ਼ਾ ਜਾਂ ਨਸਲ ਜਾਂ ਸਥਾਨ ਤੋਂ - ਜਾਜਕਾਈ ਦੇ ਯੋਗ ਹੋ ਸਕਦਾ ਹੈ। ਤੁਸੀਂ ਪਰਮੇਸ਼ੁਰ ਦੇ ਘਰ ਵਿਚ ਜਾਜਕ ਹੋ ਜਾਂ ਨਹੀਂ ਇਹ ਤੁਹਾਡੇ ਤੇ ਨਿਰਭਰ ਕਰਦਾ ਹੈ। ਇਹ ਤੁਹਾਡੀ ਚੋਣ ਹੈ।

## ਇੱਕ ਪ੍ਰਕਾਰ ਦਾ ਮਸੀਹ ਦੇ ਰੂਪ ਵਿਚ ਹਾਰੂਨ (ਅਧਿਆਇ 29)

ਇਸਰਾਏਲ ਦੇ ਪਹਿਲੇ ਮਹਾਂ ਜਾਜਕ, ਹਾਰੂਨ, ਅਤੇ ਕਲੀਸੀਆ ਦੇ ਉੱਤੇ ਸਾਡੇ ਮਹਾਨ ਮਹਾਂ ਜਾਜਕ, ਯਿਸੂ ਮਸੀਹ ਦੇ ਵਿਚਕਾਰ ਬਹੁਤ ਸਾਰੀਆਂ ਸਮਾਨਤਾਵਾਂ ਹਨ। ਉਹ ਦੋਵੇਂ: (1) ਬੁਲਾਏ ਗਏ ਸਨ (ਕੂਚ 29:4; ਯੂਹੰਨਾ 10:18; ਇਬਰਾਨੀਆਂ 5:4-6); (2) ਨੁਲਹਾਇਆ ਗਿਆ (ਕੂਚ 29:44; ਮੱਤੀ 3:13-16); (3) ਕੱਪੜੇ ਪੁਵਾਏ ਗਏ (ਕੂਚ 29:5, 6; ਯਸਾਯਾਹ 63:1, 2; ਪਰਕਾਸ਼ ਦੀ ਪੋਥੀ 1:13); (4) ਮਸਹ ਕੀਤਾ ਗਿਆ (ਕੂਚ 29:7; ਰਸੂਲਾਂ ਦੇ ਕਰਤੱਬ 10:38; ਇਬਰਾਨੀਆਂ 1:9); (5) ਸਦਾ ਤੀਕ ਦੇ ਜਾਜਕ (ਕੂਚ 29:9; ਇਬਰਾਨੀਆਂ 7:16, 17)।[14]

ਹਾਰੂਨ ਅਤੇ ਮਸੀਹ ਦੇ ਵਿਚਕਾਰ ਬਹੁਤ ਸਾਰੇ ਫਰਕ ਵੀ ਮੌਜੂਦ ਹਨ: (1) ਮਸੀਹ ਨੂੰ ਆਪਣੇ ਖੁਦ ਦੇ ਪਾਪਾਂ ਲਈ ਬਲੀਦਾਨ ਚੜ੍ਹਾਉਣ ਦੀ ਲੋੜ ਨਹੀਂ ਸੀ, ਜਦਕਿ ਹਾਰੂਨ ਨੂੰ ਸੀ (ਕੂਚ

29:10, 15, 16; ਇਬਰਾਨੀਆਂ 7:26-28)। (2) ਮਸੀਹ ਕਦੀ ਨਹੀਂ ਮਰਦਾ, ਜਦਕਿ ਹਾਰੂਨ ਦੀ ਮੌਤ ਹੋ ਗਈ (ਕੂਚ 29:29; ਇਬਰਾਨੀਆਂ 7:23, 24)। (3) ਮਸੀਹ ਨੂੰ ਆਪਣੇ ਬਲੀਦਾਨ ਨੂੰ ਦੁਹਰਾਉਣ ਦੀ ਲੋੜ ਨਹੀਂ ਸੀ, ਪਰ ਹਾਰੂਨ ਨੂੰ ਅਜਿਹਾ ਕਰਨਾ ਪੈਂਦਾ ਸੀ (ਕੂਚ 29:38, 39; ਇਬਰਾਨੀਆਂ 10:11, 12)।[15]

### ਕੰਨਾਂ, ਹੱਥਾਂ, ਅਤੇ ਪੈਰਾਂ ਨੂੰ ਪਵਿੱਤਰ ਕਰਨਾ (29:20)

ਜਾਜਕਾਂ ਦੇ ਰੂਪ ਵਿਚ ਉਨ੍ਹਾਂ ਦੇ ਮਸਹ ਕੀਤੇ ਜਾਣ ਦੇ ਭਾਗ ਦੇ ਰੂਪ ਵਿਚ, ਹਾਰੂਨ ਅਤੇ ਉਸ ਦੇ ਪੁੱਤ੍ਰਾਂ ਨੇ ਆਪਣੇ ਕੰਨਾਂ, ਅੰਗੂਠਿਆਂ, ਪੈਰਾਂ ਦੇ ਅੰਗੂਠਿਆਂ ਉੱਤੇ ਲਹੂ ਲਗਾ ਕੇ ਉਨ੍ਹਾਂ ਨੇ ਪ੍ਰਭੂ ਦੇ ਸਾਹਮਣੇ ਆਪਣਾ ਪੂਰਣ ਸਮਰਪਣ ਕੀਤਾ ਸੀ। ਇਸੇ ਤਰ੍ਹਾਂ, ਪਰਮੇਸ਼ੁਰ ਦੇ ਜਾਜਕਾਂ ਦੇ ਰੂਪ ਵਿਚ ਸਾਨੂੰ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਨੂੰ ਸਮਰਪਿਤ ਹੋਣ ਦੀ ਲੋੜ ਹੈ। ਉਸ ਦੇ ਵਚਨ ਨੂੰ ਸੁਣਨ ਦੇ ਲਈ ਸਾਨੂੰ ਆਪਣੇ ਕੰਨਾਂ ਨੂੰ, ਉਸ ਦੇ ਕੰਮ ਨੂੰ ਕਰਨ ਦੇ ਲਈ ਆਪਣੇ ਹੱਥਾਂ ਨੂੰ, ਅਤੇ ਉਸ ਦੇ ਰਾਹ ਤੇ ਚੱਲਣ ਦੇ ਲਈ ਆਪਣੇ ਪੈਰਾਂ ਨੂੰ ਸਮਰਪਿਤ ਕਰਨ ਦੀ ਲੋੜ ਹੈ - ਖਾਸ ਤੌਰ ਤੇ ਜਿੱਥੇ ਉਹ ਚਾਹੁੰਦਾ ਹੈ ਕਿ ਅਸੀਂ ਜਾਈਏ ਤਾਂ ਕਿ ਭੁੱਖਿਆਂ ਨੂੰ ਖਵਾ ਸਕੀਏ ਅਤੇ ਗੁਆਚਿਆਂ ਹੋਇਆ ਨੂੰ ਸਿਖਾ ਸਕੀਏ।

### ਜਗਵੇਦੀ ਤੋਂ ਖਾਣਾ ਅਤੇ ਪਰਚਾਰ ਕਰਨ ਦੇ ਲਈ ਭੁਗਤਾਨ ਕੀਤਾ ਜਾ ਰਿਹਾ ਹੈ (29:28; 1 ਕੁਰਿੰਥੀਆਂ 9:13, 14)

ਜਾਜਕਾਂ ਨੂੰ ਜਗਵੇਦੀ ਤੇ ਚੜ੍ਹਾਏ ਗਏ ਬਲੀਦਾਨਾਂ ਵਿਚੋਂ ਖਾਣ ਦਾ ਅਧਿਕਾਰ ਸੀ; ਭਾਗ ਵਿਚ ਇਹ ਵਿਸ਼ੇਸ਼ ਅਧਿਕਾਰ, ਆਂਸ਼ਿਕ ਰੂਪ ਵਿਚ, ਇਹ ਉਨ੍ਹਾਂ ਦੀ ਜੀਵਿਕਾ ਦਾ ਇੱਕ ਹਿੱਸਾ ਸੀ। ਪੌਲੁਸ ਨੇ ਇਸ ਗੱਲ ਨੂੰ ਸਾਬਤ ਕਰਨ ਦੇ ਲਈ ਕਿ ਇਹ ਪ੍ਰਚਾਰਕਾਂ ਦਾ ਅਧਿਕਾਰ ਸੀ ਕਿ ਉਨ੍ਹਾਂ ਨੂੰ ਭੁਗਤਾਨ ਕੀਤਾ ਜਾਵੇ ਉਨ੍ਹਾਂ ਦੀ ਉਦਾਹਰਣ ਨੂੰ ਵਰਤਿਆ (1 ਕੁਰਿੰਥੀਆਂ 9:13)। ਸੋ ਅੱਜ, ਜਿਵੇਂ ਪੌਲੁਸ ਨੇ ਕਿਹਾ ਸੀ, "ਇਸੇ ਪਰਕਾਰ ਪ੍ਰਭੁ ਨੇ ਇੰਜੀਲ ਦੇ ਬਿਰਤਾਂਤ ਦੇ ਪਰਚਾਰਕਾਂ ਲਈ ਭੀ ਇਹ ਥਾਪਿਆ ਹੈ ਭਈ ਓਹ ਇੰਜੀਲ ਤੋਂ ਹੀ ਗੁਜ਼ਾਰਾ ਕਰਨ" (1 ਕੁਰਿੰਥੀਆਂ 9:14)।

### ਪ੍ਰਭੂ ਦੇ ਨਾਲ ਮੁਲਾਕਾਤ - ਕਿੱਥੇ? (29:43)

ਪ੍ਰਭੂ ਨੇ ਕਿਹਾ ਕਿ ਉਹ ਤੰਬੂ ਵਿਚ ਇਸਰਾਏਲੀਆਂ ਨੂੰ ਮਿਲੇਗਾ (29:43) ਅਤੇ ਇਹ ਕਿ ਉਹ ਉਨ੍ਹਾਂ ਦੇ ਵਿਚਕਾਰ ਵੱਸੇਗਾ (29:43, 45)। ਅੱਜ ਮਸੀਹੀ ਪ੍ਰਭੂ ਦੇ ਨਾਲ ਕਿੱਥੇ ਮਿਲ ਸਕਦੇ ਹਨ? ਇੱਕ ਗੱਲ ਇਹ ਹੈ ਕਿ, ਅਸੀਂ ਚਰਚ ਵਿਚ ਉਸ ਨੂੰ ਮਿਲਦੇ ਹਾਂ। ਇਹ ਉਸ ਦਾ ਚਰਚ ਹੈ; ਉਹ ਹਮੇਸ਼ਾ ਉੱਥੇ ਹੁੰਦਾ ਹੈ; ਉਸ ਵਿਚ ਰਹਿਣ ਦੇ ਲਈ, ਸਾਨੂੰ ਚਰਚ ਵਿਚ ਹੋਣਾ ਚਾਹੀਦਾ ਹੈ। ਦੂਸਰਾ, ਅਸੀਂ ਕਲੀਸੀਆ ਵਿਚ ਉਸ ਨੂੰ ਮਿਲਦੇ ਹਾਂ (ਮੱਤੀ 18:20)। ਪਰ, ਤੀਸਰਾ, ਅਸੀਂ ਉਸ ਨੂੰ ਕਿਤੇ ਵੀ ਅਤੇ ਕਿਸੇ ਵੀ ਸਮੇਂ ਮਿਲ ਸਕਦੇ ਹਾਂ; ਸਾਨੂੰ ਪ੍ਰਭੂ ਨੂੰ ਮਿਲਣ ਦੇ ਲਈ ਕਿਸੇ ਵਿਸ਼ੇਸ਼ ਸਥਾਨ ਤੇ ਜਾਣ ਦੀ ਲੋੜ ਨਹੀਂ ਹੈ (ਵੇਖੋ ਯੂਹੰਨਾ 4:21-24)। ਜੇਕਰ ਤੁਸੀਂ ਚਰਚ ਵਿਚ ਹੋ, ਤਾਂ ਤੁਸੀਂ ਪ੍ਰਭੂ ਵਿਚ ਹੋ ਅਤੇ ਪ੍ਰਭੂ ਤੁਹਾਡੇ ਵਿਚ ਹੈ। ਇਸ ਪ੍ਰਕਾਰ, ਜੇਕਰ ਤੁਸੀਂ ਮਸੀਹੀ ਹੋ, ਤਾਂ ਤੁਹਾਡੀ ਪਹੁੰਚ ਹਮੇਸ਼ਾ ਮਸੀਹ ਤੱਕ ਹੋਵੇਗੀ।

---

ਟਿੱਪਣੀਆਂ

[1]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼

(ਡੌਨਰਜ਼ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 203. [2]ਕੂਚ 40:9-16 ਨੂੰ ਵੀ ਵੇਖੋ ਕਿਉਂਕਿ ਸਮਾਰੋਹ ਦੇ ਸੰਖੇਪ ਵਰਣਨ ਕੀਤਾ ਗਿਆ ਹੈ। [3]ਇਹ ਵਿਸ਼ੇ-ਵਸਤੂਗਤ ਵਾਕ ਕੂਚ 39 ਵਿਚ ਸੱਤ ਵਾਰ (ਆਇਤਾਂ 1, 5, 7, 21, 26, 29, 31), ਅਤੇ ਕੂਚ 40 ਵਿਚ ਸੱਤ ਵਾਰ (ਆਇਤਾਂ 19, 21, 23, 25, 27, 29, 32) ਆਉਂਦਾ ਹੈ। ਵਾਕ ਦਾ ਉਪਯੋਗ ਪਹਿਲਾਂ ਲੇਵੀਆਂ ਦੀ ਪੋਥੀ ਵਿਚ ਵੀ ਕੀਤਾ ਗਿਆ ਹੈ (ਆਇਤਾਂ 9, 13)। [4]ਡਬਲਿਯੂ. ਐੱਚ. ਗਿਸਪਨ, *ਐਕਸੋਡਸ,* ਅਨੁਵਾਦ, ਐਡ ਵੈਨ ਮਾਸ, ਬਾਈਬਲ ਸਟੂਡੈਂਟਸ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਰੀਜੈਂਸੀ ਰੈਫਰੈਂਸ ਲਾਇਬ੍ਰੇਰੀ, ਜ਼ੋਂਡੇਰਵਨ, ਪਬਲਿਸ਼ਿੰਗ ਹਾਊਸ, 1982), 275. [5]ਇੱਕ "ਦੋਸ਼" ਜਾਂ "ਉਲੰਘਣ" ਬਲੀ ਵੀ ਹੁੰਦੀ ਸੀ। ਇੱਕ ਚਾਰਟ, ਵਿਲੀਅਮ ਸੈਨਫੋਰਡ ਲਾਸੋਰ, ਡੇਵਿਡ ਐਲਨ ਹੱਬਾਰਡ, ਅਤੇ ਫਰੈਡਰਿਕ ਵਿਲੀਅਮ ਬੁਸ਼, *ਓਲਡ ਟੈਸਟਾਮੈਂਟ ਸਰਵੇ* ਵਿਚ*:ਦ ਮੈਸੇਜ, ਫਾਰਮ, ਐਂਡ ਬੈਕਗਰਾਊਂਡ ਆਫ਼ ਦੀ ਓਲਡ ਟੈਸਟਾਮੈਂਟ* ਦੇ ਇੱਕ ਚਾਰਟ ਵਿਚ ਵੱਖ ਵੱਖ ਕਿਸਮ ਦੀਆਂ ਭੇਟਾਂ ਦਾ ਵਰਣਨ ਕੀਤਾ ਗਿਆ ਹੈ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1982), 154-55. [6]ਉਸੇ ਸਥਾਨ ਤੇ। [7]ਕੂਚ 29:24 ਤੇ ਧਿਆਨ ਦਿਓ, ਬਰੂਸ ਐਮ. ਮੈਟਜ਼ਰ ਅਤੇ ਰੋਨਾਲਡ ਈ. ਮਰਫ਼ੀ, ਸੋਧਾਂ, *ਦੀ ਨਿਊ ਓਕਸਫੋਰਡ ਐਨਾਟੇਟਿਡ ਬਾਈਬਲ ਵਿਦ ਦ ਏਪੋਕ੍ਰਿਫਾ,* ਸੋਧ ਅਤੇ ਵਿਸਤਾਰ (ਨਿਊ ਯਾਰਕ: ਓਕਸਫੋਰਡ ਯੂਨੀਵਰਸਿਟੀ ਪ੍ਰੈੱਸ, 1991), 108. [8]ਡੇਵਿਡ ਪੀ. ਰਾਇਟ ਦੀ, *ਹਾਰਪਰਸ ਬਾਈਬਲ ਡਿਕਸ਼ਨਰੀ* ਵਿਚ, ਸੰਪਾ. ਪੌਲ ਜੇ. ਅਚੇਤੇਮੀਰ (ਸਨ ਫਰਾਂਸਿਸਕੋ: ਹਾਰਪਰ ਐਂਡ ਰਾਓ, 1985), 378. [9]ਉਸੇ ਸਥਾਨ ਤੇ। [10]ਕੋਲ, 202-3.

[11]ਉਸੇ ਸਥਾਨ ਤੇ, 204-5. [12]ਉਸੇ ਸਥਾਨ ਤੇ, 205. [13]ਅੰਬਰਟੋ ਕੈਸੂਟੋ, *ਏ ਕਮੈਂਟਰੀ ਆੱਨ ਦ ਬੁੱਕ ਆਫ਼ ਐਕਸੋਡਸ,* ਇਸਰਾਈਲ ਅਬਰਾਹਾਮ ਦਾ ਅਨੁਵਾਦ (ਯਰੂਸ਼ਲਮ: ਮੈਗਨੇਸ ਪ੍ਰੈੱਸ, 1997), 389. [14]ਵਿਲਬਰ ਫੀਲਡਸ, *ਐਕਸਪਲੋਰਿੰਗ ਐਕਸੋਡਸ,* ਬਾਈਬਲ ਸਟੱਡੀ ਟੈਕਸਟਬੁੱਕ ਸੀਰੀਜ਼ (ਜੌਪਲਿਨ, ਮਿਸੂਰੀ: ਕਾੱਲਜ ਪ੍ਰੈੱਸ, 1976), 652. [15]ਉਸੇ ਸਥਾਨ ਤੇ।